ੴ ਸਤਿਗੁਰ ਪ੍ਰਸਾਦਿ॥

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# ਗੁਰ ਤੇਗ ਬਹਾਦਰ ਸ੍ਰਿਸ਼ਟ ਦੀ ਚਾਦਰ

## (ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ)

**Dr Darshanjot Kaur**

M.B.B.S., M.D.Consultant Gynaecologist

**Darshanjot Medical & Health Centre**

1999, Sector 64 (Phase 10 ), S.A.S. Nagar, Mohali

**ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)**

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803

ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ, ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438, 98557-90438

Join us at facebook or mail at info@gurmatparsar.com, gurmatparsar7@gmail.com, accounts@gurmatparsar.com

Visit us at : www.gurmatparsar.com

# ਮੁੱਖ ਬੰਦ

ਸੰਸਾਰ ਵਿੱਚ ਹਰ ਮਨੁੱਖ ਕਿਸੇ ਕਿਸਮ ਦੇ ਭੈ ਵਿੱਚ ਹੀ ਜੀਉਂਦਾ ਹੈ । ਕੋਈ ਐਸਾ ਨਹੀਂ ਹੈ ਜੋ ਨਿਰਭਉ - ਭੈ ਰਹਿਤ ਹੋਵੇ । ਇਹ ਭੈ ਸਮਾਜਿਕ, ਆਰਥਿਕ, ਰਾਜਨੈਤਿਕ ਅਤੇ ਇੱਥੋਂ ਤੱਕ ਕਿ ਇਹ ਭੈ ਧਾਰਮਿਕ ਵੀ ਹੋ ਸਕਦਾ ਹੈ । ਅਸਲ ਵਿੱਚ ਧਾਰਮਿਕ ਆਗੂਆਂ ਨੇ ਹੀ ਇਸ ਮਨੁੱਖ ਦੇ ਅੰਦਰ ਇੱਕ ਭੈ ਦੀ ਬਿਰਤੀ ਉੱਤਪਨ ਕਰ ਦਿੱਤੀ- ਅਤੇ ਇਸ ਬਿਰਤੀ ਕਾਰਨ ਮਨੁੱਖ ਬੜਾ ਭਟਕਿਆ ਹੈ ਅਤੇ ਅਨੇਕ ਤਰ੍ਹਾਂ ਦੇ ਕਰਮ ਕਾਂਡਾ ਵਿੱਚ ਫੱਸਿਆ ਹੈ ਅਤੇ ਇਸ ਤੋਂ ਮੁਕਤੀ ਲਈ ਅਨੇਕਾਂ ਯਤਨਾ ਵਿੱਚ ਰੁਝ ਕੇ ਅਪਣਾ ਜਨਮ ਵਿਅਰਥ ਗਵਾ ਰਿਹਾ ਹੈ । ਸਭ ਤੋਂ ਵੱਡਾ ਡਰ ਮੌਤ ਦਾ ਹੈ । ਜਿਸ ਤੋਂ ਨ ਕੋਈ ਬੱਚਿਆ ਹੈ ਅਤੇ ਨ ਹੀ ਕੋਈ ਬੱਚ ਸਕਦਾ ਹੈ ।

ਭੈ (ਡਰ) ਦਾ ਅਸਲੀ ਕਾਰਣ ਹੈ ਮਨੁੱਖੀ ਪਕੜ, ਮੋਹ ਮਾਇਆ ਦੀ ਪਕੜ ਜੋ ਕੁਝ ਉਸ ਕੋਲ ਹੈ ਉਹ ਕਿੱਧਰੇ ਖੁਸ ਨ ਜਾਵੇ ਭਾਵੇ ਉਹ ਧੰਨ, ਮਾਲ, ਕੋਈ ਪਦਵੀ ਅਤੇ ਸਭ ਤੋਂ ਵੱਡਾ ਇਸ ਦਾ ਸਰੀਰ ਨਾਲ ਮੋਹ ਹੈ ।

ਇਸ ਬਿਰਤੀ ਦਾ ਧਾਰਮਿਕ ਆਗੂਆਂ ਨੇ ਵੀ ਖੂਬ ਲਾਭ ਉਠਾਇਆ। ਮਨੁੱਖ ਨੂੰ ਅਨੇਕ ਕਰਮ ਕਾਂਡਾ ਵਿੱਚ ਫਸਾ ਅਨੇਕ ਤਰ੍ਹਾਂ ਦੇ ਪੁੰਨ/ਦਾਨ ਆਦਿ ਵੱਲ ਪ੍ਰੇਰਿਤ ਕੀਤਾ । ਪਰ ਰਾਜਨੈਤਿਕ ਨੇ ਪੂਰਨ ਤੋਰ ਤੇ ਇਸ ਦਾ ਲਾਭ ਉਠਾਉਂਦੇ ਮਨੁੱਖ ਤੇ ਬੇਅੰਤ ਅਤਿਆਚਾਰ ਕੀਤੇ । ਇਸ ਅਤਿਆਚਾਰ ਦੀ ਉਦੋਂ ਹਦ ਹੋਈ ਜਦੋਂ ਔਰੰਗਜੇਬ ਨੇ ਹਿੰਦੂਆਂ ਨੂੰ ਸ਼ਿਕਾਰ ਬਣਾਇਆ । ਉਨ੍ਹਾਂ ਦਾ ਧਰਮ, ਧਰਮ ਅਸਥਾਨ, ਧਰਮ ਦੀ ਕਿਰਿਆ ਆਦਿ ਨੂੰ ਨਸ਼ਟ ਕਰਨ ਦਾ ਹੀਆ ਕੀਤਾ । ਉਸ ਸਮੇਂ ਦੀ ਜਨਤਾ ਵਿੱਚ ਆਤਮਿਕ ਬਲ ਬਿਲਕੁਲ ਖਤਮ ਹੋ ਚੁੱਕਾ ਸੀ । ਉਹ ਸਰੀਰਕ, ਮਾਨਸਿਕ, ਆਤਮਿਕ ਤੌਰ ਤੇ ਪੂਰਨ ਤੌਰ ਤੇ ਬਲਹੀਨ ਹੋ ਚੁੱਕੇ ਸੀ ਅਤੇ ਉਸਨੂੰ ਅਪਣੇ ਧਰਮ ਨੂੰ ਬਚਾਉਣ ਲਈ ਕੋਈ ਉਪਾਉ, ਸਹਾਰਾ ਹੀ ਨਜ਼ਰ ਨਹੀਂ ਸੀ ਆ ਰਿਹਾ ।

ਐਸੀ ਹਾਲਤ ਵਿੱਚ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਨੇ ਮਨੁਖੱਤਾ ਦੀ ਬਾਂਹ ਫੜੀ ਅਤੇ ਉਨ੍ਹਾਂ ਅੰਦਰ ਆਤਮਿਕ ਬੱਲ ਭਰਨ ਲਈ ਅਨੇਕਾਂ ਯਤਨ ਕੀਤੇ । ਉਨ੍ਹਾਂ ਦੁਆਰਾਂ ਉਚਾਰਨ ਕੀਤੇ ੫੭ ਸ਼ਲੋਕ ਅਤੇ ੫੯ ਸ਼ਬਦ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹਨ ਉਸ ਆਤਮਿਕ ਬਲ ਦੀ ਸਾਖਸ਼ਾਤ ਮਿਸਾਲ

ਹੈ । ਸ਼ਬਦਾਂ ਰਾਹੀ ਗੁਰੂ ਸਾਹਿਬ ਨੇ ਅਪਣੇ ਅੰਦਰ ਨਾਮ ਸਿਮਰਨ ਰਾਹੀਂ ਹੋਈ ਆਤਮਿਕ ਦ੍ਰਿੜਤਾ, ਸਬਰ, ਸੰਤੋਖ, ਨਿਰਭੈਤਾ ਅਤੇ ਮਾਇਆ ਦੇ ਮੋਹ ਤੋਂ ਉੱਪਰ ਉੱਠ ਅਕਾਲ ਪੁਰਖ ਵਿੱਚ ਲੀਨਤਾ ਦਾ ਉਪਦੇਸ਼ ਬਖਸ਼ਿਆ । ਸੰਸਾਰ ਦੀ ਨਾਸ਼ਮਾਨਤਾ ਤੋਂ ਮਨੁੱਖ ਨੂੰ ਚੰਗੀ ਤਰ੍ਹਾਂ ਸੋਝੀ ਕਰਵਾਈ ।

ਡਾ. ਦਰਸ਼ਨਜੋਤ ਕੌਰ ਜੋ ਕਿ ਇੱਕ ਉੱਚ ਕੋਟੀ ਦੇ ਡਾਕਟਰ ਹਨ ਅਪਣਾ ਨਰਸਿੰਗ ਹੋਮ ਦਾ ਚਾਲਨ ਕਰਕੇ ਰੋਗੀਆਂ ਦੇ ਰੋਗ ਨਿਵਿਰਤ ਕਰਦੇ ਹਨ। ਜੋ ਕਿ ਕਿੱਤੇ ਪਖੋਂ ਇੱਕ ਬਹੁਤ ਵਧੀਆ ਤਰੀਕਾ ਹੋਣ ਦੇ ਨਾਲ ਮਨੁੱਖਤਾ ਦੀ ਸੇਵਾ ਦਾ ਵੀ ਅਉਸਰ ਪ੍ਰਦਾਨ ਕਰਦਾ ਹੈ ।

ਜਿੱਥੇ ਉਹ ਇੱਕ ਬਹੁਤ ਚੰਗੇ ਡਾਕਟਰ ਹਨ ਉੱਥੇ ਉਹ ਧਾਰਮਿਕ ਤੌਰ ਤੇ ਗੁਰਬਾਣੀ, ਗੁਰਮਤਿ ਫਿਲਾਸਫੀ ਅਤੇ ਗੁਰੂ ਇਤਿਹਾਸ ਦੇ ਵੀ ਚੰਗੇ ਖੋਜੀ ਅਤੇ ਵਿਦਿਆਰਥੀ ਹਨ । ਸਮੇਂ-ਸਮੇਂ ਤੇ ਗੁਰਮਤਿ ਸੰਬੰਧੀ ਲੇਖ ਲਿਖਦੇ ਰਹਿੰਦੇ ਹਨ ਅਤੇ ਸੰਗਤਾਂ ਨੂੰ ਗੁਰਮਤਿ ਨਾਲ ਜੋੜਨ ਦਾ ਯਤਨ ਕਰਦੇ ਹਨ ।

ਹਥਲੀ ਪੁਸਤੱਕ - ਗੁਰੂ ਤੇਗ ਬਹਾਦੁਰ, 'ਸ੍ਰਿਸ਼ਟ ਦੀ ਚਾਦਰ' - ਗੁਰੂ ਤੇਗ ਬਹਾਦੁਰ ਪਤਾਸ਼ਾਹ ਦੇ ਉਚਾਰੇ ਸ਼ਲੋਕ

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ - ਅੰਗ ੧੪੨੭

ਨੂੰ ਆਧਾਰ ਬਣਾ ਕੇ ਗੁਰੂ ਸਾਹਿਬ ਦੇ ਜੀਵਨ ਝਲਕੀਆਂ ਰਾਹੀਂ ਮਨੁੱਖਤਾ ਨੂੰ ਆਤਮਿਕ ਤੌਰ ਤੇ ਬਲਵਾਨ ਕਰਨ ਦੇ ਯਤਨਾ ਦਾ ਬੜੇ ਸੁਚੱਜੇ ਢੰਗ ਨਾਲ ਵਰਣਨ ਕੀਤਾ ਹੈ । ਸਭ ਤੋਂ ਪਹਿਲਾਂ ਉਨ੍ਹਾਂ ਨੇ ਗੁਰੂ ਸਾਹਿਬ ਦਾ ਬਕਾਲੇ ਦਾ ਜੀਵਨ, ਨਾਮ ਵਿੱਚ ਜੁੜਨਾ, ਆਤਮਿਕ ਬਲ ਦੀ ਤਿਆਰੀ ਅਤੇ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜ, ਉਨ੍ਹਾਂ ਅੰਦਰੋਂ ਹੀਨਤਾ ਦੀ ਭਾਵਨਾ ਨੂੰ ਮਿਟਾ ਇੱਕ ਚੜਦੀ ਕਲਾ ਵਾਲਾ ਜੀਵਨ ਜੀਉਣ ਦੀ ਪ੍ਰੇਰਨਾ ਬਖਸ਼ੀ ।

ਦੂਸਰੇ ਪੜਾ ਤੇ ਗੁਰੂ ਸਾਹਿਬ ਦੀਆਂ ਪ੍ਰਚਾਰ ਫੇਰੀਆਂ ਦਾ ਜ਼ਿਕਰ ਕਰਦੇ ਭੈ ਭੀਤ ਹੋਈ ਬਲਹੀਨ ਲੋਕਾਈ ਨੂੰ ਅਕਾਲ ਪੁਰਖ ਨਾਲ ਜੋੜ ਜੀਵਨ ਵਿੱਚ ਨਾਮ ਰਾਹੀਂ ਮਨ ਦੀ ਦ੍ਰਿੜਤਾ ਉਜਾਗਰ ਕੀਤੀ ਅਤੇ ਅੰਤ ਵਿੱਚ ਅਦੁੱਤੀ ਸ਼ਹੀਦੀ ਦਾ ਵਰਣਨ ਕਰ ਇਸ ਸੁਨੇਹੇ ਤੇ ਮੁਹਰ ਲਾਈ

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ - ਅੰਗ ੧੪੨੭

ਡਾਕਟਰ ਦਰਸ਼ਨ ਜੋਤ ਕੌਰ ਲਮੇਂ ਸਮੇਂ ਤੋਂ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਨਾਲ ਜੁੜੇ ਹੋਏ ਹਨ ਅਤੇ ਸਮੇਂ - ਸਮੇਂ ਕਈ ਕਿਤਾਬੱਚੇ ਪ੍ਰਕਾਸ਼ਿਤ ਕਰਵਾ ਚੁੱਕੇ ਹਨ । ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਜਿੱਥੇ ਉਨ੍ਹਾਂ ਦਾ ਹਾਰਦਿਕ ਧੰਨਵਾਦਿ ਕਰਦੀ ਹੈ ਉੱਥੇ ਹੀ ਅਕਾਲ ਪੁਰਖ ਅੱਗੇ ਅਰਦਾਸ ਕਰਦੀ ਹੈ ਕਿ ਉਹ ਉਨ੍ਹਾਂ ਨੂੰ ਚੜਦੀ ਕਲਾ, ਨਾਮ ਵੀ ਅਸੀਸ ਬਖਸ਼ਣ ਤਾਂ ਜੋ ਉਹ ਇਸੀ ਪ੍ਰਕਾਰ ਸੰਗਤਾਂ ਦੀ ਸੇਵਾ ਕਰਦੇ ਰਹਿਣ ।

ਅਸੀ ਆਸ ਕਰਦੇ ਹਾਂ ਕਿ ਪਹਿਲੇ ਦੀ ਤਰਾਂ ਸੰਗਤਾਂ ਉਨ੍ਹਾਂ ਦੀ ਇਸ ਕਿਰਤ ਨੂੰ ਵੀ ਗਹਿਰਾ ਹੁੰਗਾਰਾ ਬਖਸ਼ਣ ਗੀਆਂ ਤਾਂ ਜੋ ਉਨ੍ਹਾਂ ਦੀ ਸੇਵਾ ਸਫਲ ਹੋਵੇ ।

ਦਾਸ

(ਨਰਿੰਦਰ ਬੀਰ ਸਿੰਘ)

ਮਿਤੀ - 09-05-2021

ਜਨਰਲ ਸਕੱਤ੍ਰ
ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ
ਚੰਡੀਗੜ

# ਦੋ ਸ਼ਬਦ

"ਭੈ ਕਾਹੂ ਕਉ ਦੇਤਿ ਨਹਿ ਨਹਿ ਭੈ ਮਾਨਤ ਆਨ" ਜੋ ਵਿਸ਼ਾ ਡਾਕਟਰ ਦਰਸ਼ਨਜੋਤ ਕੌਰ ਜੀ ਨੇ ਲਿਆ ਹੈ ਬਹੁਤ ਗੰਭੀਰ ਤੇ ਗਹਿਰਾ ਵਿਸ਼ਾ ਹੈ ਅਤੇ ਇਸ ਨੂੰ ਡਾਕਟਰ ਸਾਹਿਬ ਨੇ ਬੜੀ ਸਰਲਤਾ ਨਾਲ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਜ਼ਿੰਦਗੀ ਵਿੱਚੋਂ ਵਿਖਾਉਣ ਦੀ ਕੋਸ਼ਿਸ਼ ਕੀਤੀ ਹੈ। ਗੁਰੂ ਸਾਹਿਬਾਨ ਨੇ ਸਾਨੂੰ ਜ਼ਿੰਦਗੀ ਜਿਉਣ ਦੀ ਜਾਚ ਖੁਦ ਜਿਉ ਕੇ ਦੱਸੀ ਹੈ। ਗੁਰਬਾਣੀ ਅੰਦਰ ਗੁਰੂ ਸਾਹਿਬ ਪੰਨਾ 84 ਤੇ ਫ਼ੁਰਮਾਉਂਦੇ ਹਨ "ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ।" ਭਾਵ ਜੋ ਪਾਪ ਕਰਮ ਕਰੇਗਾ ਉਹੀ ਡਰੇਗਾ ਤੇ ਜੋ ਧਰਮ ਕਮਾਉਂਦਾ ਹੈ ਉਹ ਤਾਂ ਹਮੇਸ਼ਾ ਖੇੜੇ ਵਿੱਚ ਹੀ ਰਹਿੰਦਾ ਹੈ ਭਾਵੇਂ ਤੱਤੀ ਤੱਵੀ ਤੇ ਬੈਠਾ ਦਿਉ, ਬੰਦ ਬੰਦ ਕੱਟ ਦਿਉ, ਜਾ ਖੋਪਰ ਉਤਾਰ ਦਿਉ। ਡਰੇਗਾ ਤਾਂ ਉਹੀ ਜਿਸ ਨੇ ਕੋਈ ਪਾਪ ਕਰਮ ਕੀਤਾ ਹੋਵੇਗਾ। ਜੋ ਡਰਦਾ ਨਹੀਂ ਉਹ ਕਦੇ ਕਿਸੇ ਨੂੰ ਡਰਾਉਂਦਾ ਵੀ ਨਹੀਂ ਕਿਉਂਕਿ ਧਰਮੀ ਇਨਸਾਨ ਨੂੰ ਤਾਂ ਹਰ ਅੰਦਰ ਰੱਬ ਨਜ਼ਰ ਆਉਂਦਾ ਹੈ। "ਸਭਿ ਮਹਿ ਜੋਤ ਜੋਤਿ ਹੈ ਸੋਇ।। (ਪੰਨਾ ੧੩) ਅਸਲ ਵਿੱਚ ਡਰਾਉਂਦਾ ਵੀ ਉਹੀ ਹੈ ਜਿਸ ਦੇ ਆਪਣੇ ਅੰਦਰ ਡਰ ਹੁੰਦਾ ਹੈ ਕਿ ਇਹ ਕਿਤੇ ਮੇਰਾ ਪਾਪ ਜੱਗ ਜ਼ਾਹਰ ਨਾ ਕਰ ਦੇਵੇ। ਸੋ ਅਸਲ ਵਿੱਚ ਤਾਂ ਉਹ ਆਪਣੇ ਅੰਦਰ ਦਾ ਡਰ ਬਾਹਰ ਕੱਢ ਰਿਹਾ ਹੁੰਦਾ ਹੈ। ਅਗਰ ਸਾਹਮਣੇ ਵਾਲਾ ਧਰਮੀ ਹੈ ਤਾਂ ਉਹ ਕਿਸੇ ਤਰ੍ਹਾਂ ਵੀ ਨਹੀਂ ਡਰ ਸਕਦਾ ਕਿਉਂਕਿ ਜੇ ਮਨ ਮਜ਼ਬੂਤ ਹੈ ਤਾਂ ਤਨ ਨੂੰ ਕੋਈ ਜਿਤਨਾ ਮਰਜ਼ੀ ਡਰਾ ਲਏ ਇਸਦਾ ਕੁਝ ਨਹੀਂ ਵਿਗੜਦਾ। ਗੁਰ ਫ਼ੁਰਮਾਨ ਹੈ "ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ।" (ਪੰਨਾ ੧੧੬੨) ਗੁਰ ਸਾਹਿਬਾਨ ਨੇ ਸਾਰੀ ਬਾਣੀ ਅੰਦਰ ਸਾਨੂੰ ਪੈਰ ਪੈਰ ਤੇ ਸੁਚੇਤ ਹੀ ਨਹੀਂ ਕੀਤਾ ਬਲਕਿ ਅਪਣੇ ਸਰੀਰ ਤੇ ਹੰਢਾ ਕੇ ਸਿਖਾਇਆ ਅਤੇ ਸਮਝਾਇਆ ਵੀ ਹੈ। ਸੋ ਅੱਜ ਵੀ ਅਗਰ ਆਪਾਂ ਕਿਸੇ ਡਰ ਤੋਂ ਦੁਖੀ ਹਾਂ ਤਾਂ ਸਾਡੇ ਅੰਦਰ ਕਿਤੇ ਨਾ ਕਿਤੇ ਗੁਰਬਾਣੀ ਨੂੰ ਸਮਝਣ ਜਾਂ ਅਮਲ ਕਰਨ ਦੀ ਘਾਟ ਹੀ ਹੋ ਸਕਦੀ ਹੈ। ਸੋ ਉਸ ਡਰ ਨੂੰ ਹੀ ਦੂਰ ਕਰਨ ਦੀ ਕੋਸ਼ਿਸ਼ ਕਰਦੇ ਹੋਏ ਡਾਕਟਰ ਸਾਹਿਬ ਨੇ ਇਹ ਲੇਖ "ਭੈ ਕਾਹੂ ਕਉ ਦੇਤਿ ਨਹਿ ਨਹਿ ਭੈ ਮਾਨਤ ਆਨ ਸਾਡੀ ਝੋਲੀ ਵਿੱਚ ਪਾਇਆ ਹੈ। ਡਾਕਟਰ ਸਾਹਿਬ ਨੇ ਗੁਰੂ ਸਾਹਿਬ ਦੇ ੪੦੦ ਸਾਲਾ ਮਨਾਉਣ ਦੇ ਸਹੀ ਢੰਗ ਦੀ ਵਰਤੋਂ ਕਰਦੇ ਹੋਏ ਸੰਗਤਾਂ ਨੂੰ ਇਸ ਲੇਖ ਰਾਹੀ ਜਗਾਉਣ ਦੀ ਕੋਸ਼ਿਸ਼ ਕੀਤੀ ਹੈ। ਹੁਣ ਜਿੱਥੇ ਮੈਂ ਡਾਕਟਰ ਸਾਹਿਬ ਦਾ ਧੰਨਵਾਦੀ ਹਾਂ ਉੱਥੇ ਸੰਗਤਾਂ ਤੋਂ ਵੀ ਆਸ ਕਰਦਾ ਹਾਂ ਕਿ ਉਹ ਵੀ ਇਸ ਲੇਖ ਨੂੰ ਜਿੱਥੇ ਆਪ ਪੜ੍ਹ ਕੇ ਲਾਹਾ ਲੈਣ ਉੱਥੇ ਹੋਰ ਸੰਗਤਾਂ ਨੂੰ ਵੀ ਪੜ੍ਹਨ ਲਈ ਪ੍ਰੇਰਿਤ ਕਰਨ।

ਦਾਸਨ ਦਾਸ
ਬਲਵਿੰਦਰ ਸਿੰਘ ਮੁਲਤਾਨੀ
ਬਰੈਂਪਟਨ, ਕਨੇਡਾ।
ਮੋਬਾਇਲ: 6477714932

# ਗੁਰ ਤੇਗ ਬਹਾਦਰ, ਸ੍ਰਿਸ਼ਟ ਦੀ ਚਾਦਰ

**(ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ)**

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਬੜੇ ਮਹੱਤਵਪੂਰਨ ਵਿਸ਼ਿਆਂ ਬਾਰੇ ਸਾਨੂੰ ਸੁਚੇਤ ਕੀਤਾ ਗਿਆ ਹੈ। ਪ੍ਰਮੁੱਖ ਤੌਰ ਤੇ ਵਾਹਿਗੁਰੂ ਅਤੇ ਗੁਰੂ ਦੀ ਇਕਮਿਕਤਾ ਦਰਸਾਈ ਗਈ ਹੈ। ਵਾਹਿਗੁਰੂ ਜਗਤ ਪਿਤਾ ਹੈ ਅਤੇ ਬਖਸ਼ਿੰਦ ਹੈ। ਗੁਰੂ ਦੀ ਸ਼ਰਨ ਵਿਚ ਆ ਕੇ ਹੀ ਮਨੁੱਖ ਨੂੰ ਪਰਮਾਤਮਾ ਦੇ ਸਹੀ ਸਰੂਪ ਦੀ ਪਹਿਚਾਨ ਹੁੰਦੀ ਹੈ ਅਤੇ ਸਹੀ ਜੀਵਨ ਜੁਗਤੀ ਦੀ ਸਮਝ ਆਂਦੀ ਹੈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਪੜ੍ਹਿਆਂ ਪਤਾ ਲਗਦਾ ਹੈ ਕਿ ਵਿਸ਼ੇ ਵਿਕਾਰਾਂ ਅਤੇ ਬੁਰਾਈਆਂ ਤੋਂ ਛੁਟਕਾਰਾ ਨਾਮ ਸਿਮਰਨ ਰਾਹੀਂ ਹੀ ਹੋ ਸਕਦਾ ਹੈ "ਨਾਨਕ ਹਰਿ ਜਸੁ ਕਿਉ ਨਹੀ ਗਾਵਤ ਕੁਮਤਿ ਬਿਨਾਸੈ ਤਨਕੀ"॥ {ਆਸਾ ਮਹਲਾ ੯}

ਨਾਮ ਹੀਨ ਮਨੁੱਖ ਦਾ ਮਨ ਕਠੋਰ ਹੋ ਜਾਂਦਾ ਹੈ ਅਤੇ ਬਿਬੇਕ ਬੁੱਧੀ ਦਾ ਨਾਸ ਹੋ ਜਾਂਦਾ ਹੈ। ਫਿਰ ਉਸ ਨੂੰ ਭਲੇ ਬੁਰੇ ਦੀ ਪਹਿਚਾਣ ਹੀ ਨਹੀਂ ਰਹਿੰਦੀ। ਮਨੁੱਖਾ ਦੇਹੀ ਦੀ ਵਿਸ਼ੇਸ਼ਤਾ ਇਸ ਦੇ ਅੰਦਰ ਵਸਦੀ ਰੂਹ ਦੀ ਬਿਬੇਕ ਬੁੱਧੀ ਕਰਕੇ ਹੀ ਹੈ।

ਸਾਨੂੰ ਗੁਰੂ ਜੀ ਨੇ ਦ੍ਰਿੜ ਕਰਵਾਇਆ ਹੈ ਕਿ ਮੌਤ ਤਾਂ ਇਕ ਅਟੱਲ ਸਚਾਈ ਹੈ। ਇਸ ਦੀ ਚਿੰਤਾ ਨਹੀਂ ਕਰਣੀ ਚਾਹੀਦੀ। ਚਿੰਤਾ ਤਾਂ ਉਸ ਘਟਨਾ ਦੀ ਕਰੋ ਜੋ ਅਣਹੋਣੀ ਹੋਈ ਹੋਵੇ। ਗੁਰੂ ਜੀ ਦੀ ਬਾਣੀ ਸਾਨੂੰ ਜਿੰਦਗੀ ਦੀ ਨਾਸ਼ਮਾਨਤਾ ਦਸਦੇ ਹੋਏ ਵੀ ਨਿਰਾਸਤਾ ਪੈਦਾ ਨਹੀਂ ਕਰਦੀ। ਆਸ਼ਾਵਾਦੀ ਬਣਾਉਂਦੀ ਹੈ। ਚਿੰਤਾ ਤਾਂ ਸਿਰਫ ਕਰਤੱਵ ਨਿਭਾਣ ਦੀ ਹੋਣੀ ਚਾਹੀਦੀ ਹੈ। ਸੰਸਾਰ ਦੀ ਨਾਸ਼ਮਾਨਤਾ ਦਰਸਾ ਕੇ ਮਾਇਆ ਤੋਂ ਨਿਰਲੇਪ ਰਹਿਣਾ ਸਿਖਾਇਆ ਗਿਆ ਹੈ। ਦੁਨਿਆਵੀ ਪਦਾਰਥਾਂ ਦੀ ਪਕੜ ਤੋਂ ਅਜ਼ਾਦ ਕੀਤਾ ਹੈ। ਬਾਣੀ ਵਿਚ ਦੁੱਖ ਅਤੇ ਸੁੱਖ ਨੂੰ ਬਰਾਬਰ ਮੰਨਿਆਂ ਗਿਆ ਹੈ। ਆਪ ਜੀ ਦੀ ਬਾਣੀ ਸਰੀਰਕ ਪਕੜ ਤੋਂ ਵੀ ਅਜ਼ਾਦ ਕਰਦੀ ਹੈ।

ਗੁਰੁ ਤੇਗ ਬਹਾਦਰ ਜੀ ਦੀ ਬਾਣੀ ਵਿਚ ਮਨੁੱਖ ਨੂੰ ਜਿਥੇ ਤਿਆਗ, ਬੈਰਾਗ ਅਤੇ ਅਨੁਰਾਗ ਦੀ ਸਿੱਖਿਆ ਦਿੱਤੀ ਗਈ ਹੈ,ਉਥੇ ਜ਼ੁਲਮ ਦੇ ਸੰਗਲ ਤੋੜ ਕੇ ਅਜ਼ਾਦ ਹੋਣ ਲਈ ਵੀ ਟੁੰਬਿਆ ਹੈ। ਜ਼ੁਲਮ ਤੇ ਅਨਿਆਇ ਦਾ ਮੁਕਾਬਲਾ ਕਰਨ ਦੀ ਸਿੱਖਿਆ ਦਿੱਤੀ ਹੈ। ਅਪਣੇ ਅਧਿਕਾਰਾਂ ਦੀ ਬਹਾਲੀ ਲਈ ਜਦੋ ਜਹਿਦ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ। ਜਿੱਥੇ ਡਰ ਦੇ ਅਸਰ ਨੂੰ

ਨਹੀਂ ਕਬੂਲਣਾ ਉਥੇ ਅਪਨੇ ਬਲ ਦੀ ਅਯੋਗ ਵਰਤੋਂ ਕਰ ਕੇ ਦੂਜਿਆਂ ਨੂੰ ਡਰਾ ਅਤੇ ਦਬਾ ਕੇ ਰੱਖਣ ਤੋਂ ਵੀ ਮਨ੍ਹਾਂ ਕੀਤਾ ਹੈ "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ"॥ {ਸਲੋਕ ਮਹਲਾ ੯} ਸ਼ਖਸੀ ਜੀਵਨ ਨੂੰ ਸੁਚੱਜਾ ਬਣਾ ਕੇ ਇਕ ਸੁਚੱਜਾ ਸਮਾਜ ਸਿਰਜਨ ਦੀ ਪ੍ਰੇਰਨਾਸਰੋਤ ਹੈ। ਚੰਗੇ ਸਮਾਜ ਦੀ ਸਿਰਜਨਾ ਵਾਸਤੇ ਜਿੱਥੇ ਚੰਗੇ ਗੁਣ ਧਾਰਨ ਕਰਣ ਦੀ ਲੋੜ ਹੁੰਦੀ ਹੈ, ਉਥੇ ਕੁਰਬਾਨੀ ਦੇਣ ਦੀ ਵੀ ਲੋੜ ਹੁੰਦੀ ਹੈ। ਜ਼ੁਲਮ ਦਾ ਮੁਕਾਬਲਾ ਕਰਨ ਲਈ ਦੁੱਖ ਅਤੇ ਪੀੜਾ ਸਹਿਣੀ ਪੈਂਦੀ ਹੈ। ਨਾਮ ਜਪਣ ਵਾਲਾ ਮਨੁੱਖ ਹੀ ਦੁਖ ਸੁਖ ਸਮ ਕਰ ਕੇ ਜਾਣ ਸਕਦਾ ਹੈ।

ਇਨ੍ਹਾਂ ਮੰਤਵਾਂ ਦੀ ਪੂਰਤੀ ਵਾਸਤੇ ਨਿਰਭੈ ਹੋਣਾ ਬਹੁਤ ਜ਼ਰੂਰੀ ਹੈ। ਗੁਰੂ ਜੀ ਦੀ ਬਾਣੀ ਸਾਨੂੰ ਨਿਰਭੈ ਬਣਾਉਂਦੀ ਹੈ। ਡਰਪੋਕ ਬੰਦੇ ਨੂੰ ਦਬਾਣਾ ਬਹੁਤ ਸੌਖਾ ਹੁੰਦਾ ਹੈ। ਨਿਰਭੈ ਬਨਣ ਲਈ ਵੀ ਨਾਮ ਜਪਨਾ ਜ਼ਰੂਰੀ ਹੈ। ਨਾਮ ਹੀ ਮਨੁੱਖ ਦੇ ਸਾਰੇ ਭੈ ਦੂਰ ਕਰਦਾ ਹੈ'

"ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ॥੨॥੧॥

{ਤਿਲੰਗ ਮਹਲਾ ੯}

ਕਹੁ ਨਾਨਕ ਹਰਿ ਭਜੁ ਮਨਾ ਨਿਰਭੈ ਪਾਵਹਿ ਬਾਸੁ"॥੩੩॥

ਸਲੋਕ ਮਹਲਾ ੯

ਸਮਾਜਕ ਬਰਾਬਰੀ ਤੇ ਧਾਰਮਿਕ ਅਜ਼ਾਦੀ ਦੀ ਪ੍ਰਾਪਤੀ ਵਾਸਤੇ ਬੁਰਾਈ ਦੇ ਵਿਰੁੱਧ ਡਟਣਾ ਪੈਂਦਾ ਹੈ। ਇਸ ਉਦੇਸ਼ ਦੀ ਪ੍ਰਾਪਤੀ ਲਈ ਵੀ ਨਿਡਰਤਾ ਸਭ ਤੋਂ ਪਹਿਲੀ ਜ਼ਰੂਰਤ ਹੈ। ਗੁਰੂ ਜੀ ਆਪ ਨਿਡਰ ਸਨ ਤੇ ਨਿਡਰਤਾ ਦਾ ਉਪਦੇਸ਼ ਵੀ ਆਪ ਨੇ ਜਗ੍ਹਾ ਜਗ੍ਹਾ ਜਾ ਕੇ ਦੱਬੀ ਕੁਚਲੀ ਲੁਕਾਈ ਨੂੰ ਦਿੱਤਾ ਅਤੇ ਸੁੱਤੀਆਂ ਜਮੀਰਾਂ ਨੂੰ ਜਗਾਇਆ। ਅਸਲ ਵਿਚ ਗੁਰੂ ਤੇਗ ਬਹਾਦਰ ਜੀ ਦੀ ਤਾਂ ਸਮੁੱਚੀ ਜ਼ਿੰਦਗੀ ਹੀ ਲੋਕਾਈ ਵਿਚ ਨਿਡਰਤਾ ਭਰਣ ਵਿਚ ਲੱਗੀ। ਪ੍ਰਚਾਰ ਫੇਰੀਆਂ ਦੌਰਾਨ ਵੀ ਲੋਕਾਂ ਨੂੰ ਨਿਰਭਉ ਹੋ ਕੇ ਧਰਮ ਦੇ ਮਾਰਗ ਉਤੇ ਦ੍ਰਿੜ ਰਹਿਣ ਦੀ ਪ੍ਰੇਰਨਾ ਕਰਦੇ। ਇਹ ਵੀ ਦਸਦੇ ਕਿ ਧਰਮ ਦੇ ਮਾਰਗ ਉਤੇ ਚਲ ਕੇ ਹੀ ਜ਼ੁਲਮ ਦਾ ਟਾਕਰਾ ਕੀਤਾ ਜਾ ਸਕਦਾ ਹੈ। ਆਪ ਨੇ ਇਹ ਵੀ ਦੱਸਿਆ ਕਿ ਪਰਮਾਤਮਾ ਦਾ ਨਾਮ ਸਿਮਰਨ ਹੀ ਮਨੁੱਖ ਨੂੰ ਨਿਡਰ ਬਣਾਉਣ ਦੇ ਸਮਰੱਥ ਹੈ। ਪ੍ਰਭੂ ਆਪ ਨਿਰਭਉ ਹੈ। ਉਸ ਦਾ ਨਾਮ ਜਪਨ ਵਾਲੇ ਵੀ ਨਿਰਭੈ ਹੋ ਜਾਂਦੇ ਹਨ। ਜੈਸਾ ਸੇਵੈ ਤੈਸੋ ਹੋਇ। ਜੇ ਨਿਰਭਉ ਅਕਾਲ ਪੁਰਖ ਨੂੰ ਸਿਮਰਾਂਗੇ ਤਾਂ ਅਸੀਂ ਵੀ ਨਿਰਭੈ ਹੋ ਜਾਵਾਂਗੇ।

ਕੁਰਬਾਨੀ ਅਤੇ ਤਿਆਗ ਦਾ ਜਜ਼ਬਾ, ਦਿਆਲਤਾ ਅਤੇ ਉਦਾਰਤਾ ਅਜਿਹੇ ਗੁਣ ਹਨ ਜੋ ਦੂਜਿਆਂ ਦੇ ਦੁਖ ਨੂੰ ਦੂਰ ਕਰਣ ਲਈ ਲੋੜੀਂਦੇ ਹਨ। ਇਹ ਆਪ ਜੀ ਵਿਚ ਬਚਪਨ ਤੋਂ ਹੀ ਕੁੱਟ ਕੁੱਟ ਕੇ ਭਰੇ ਹੋਏ ਸਨ। ਇਤਿਹਾਸ ਵਿਚ ਜ਼ਿਕਰ ਆਂਦਾ ਹੈ ਕਿ ਆਪ ਜੀ ਦੇ ਵੱਡੇ ਭਰਾ ਬਾਬਾ ਗੁਰਦਿੱਤਾ ਜੀ ਦੇ ਵਿਆਹ ਦੇ ਮੌਕੇ ਆਪ ਜੀ ਨੂੰ ਬਹੁਤ ਸੁੰਦਰ ਕੀਮਤੀ ਪੁਸ਼ਾਕ ਅਤੇ ਕੀਮਤੀ ਗਹਿਣੇ ਪਹਿਣਾਏ ਗਏ। ਜਦੋਂ ਆਪ ਘਰ ਤੋਂ ਬਾਹਰ ਨਿਕਲੇ ਤਾਂ ਆਪ ਨੇ ਇਕ ਗਰੀਬ ਅਤੇ ਲੋੜਵੰਦ ਬੱਚੇ ਨੂੰ ਦੇਖਿਆ। ਬਚੇ ਦੀ ਲੋੜ ਪੂਰੀ ਕਰਣ ਲਈ ਆਪ ਅਪਨੀ ਕੀਮਤੀ ਪੁਸ਼ਾਕ ਲਾਹ ਕੇ ਉਸ ਲੋੜਵੰਦ ਬੱਚੇ ਨੂੰ ਦੇ ਆਏ।

ਗੁਰੂ ਜੀ ਨੂੰ ਬਚਪਨ ਤੋਂ ਹੀ ਹਰ ਵਕਤ ਭਜਨ ਸਿਮਰਨ ਦਾ ਹੀ ਸ਼ੌਕ ਰਹਿੰਦਾ ਸੀ। ਨਾਮ ਸਿਮਰਨ ਨਾਲ ਬੈਰਾਗ ਦਾ ਵੀ ਅਨੁਭਵ ਕੀਤਾ। ਕਿਹਾ ਜਾਂਦਾ ਹੈ ਕਿ ਬੈਰਾਗ ਨਾਲ ਆਪ ਜੀ ਦੇ ਨੇਤਰਾਂ ਵਿਚੋਂ ਜਲ ਅਕਸਰ ਹੀ ਵਹਿੰਦਾ ਰਹਿੰਦਾ ਸੀ। ਨਾਮ ਸਿਮਰਨ ਤੇ ਬੈਰਾਗ ਦਾ ਮਤਲਬ ਇਹ ਨਹੀਂ ਕਿ ਸਮਾਧੀ ਲਗਾ ਕੇ ਹੀ ਬੈਠੇ ਰਹੋ ਤੇ ਦੁਨੀਆਂ ਦੇ ਦੁੱਖ ਸੁੱਖ ਨਾਲ ਲੋਈ ਵਾਸਤਾ ਹੀ ਨਾ ਹੋਵੇ। ਇਤਿਹਾਸ ਦਸਦਾ ਹੈ ਕਿ ਆਪ ਸ਼ਸਤਰ ਵਿਦਿਆ ਦੇ ਧਨੀ ਸਨ। ਘੋੜ ਸਵਾਰੀ ਵਿਚ ਵੀ ਨਿਪੁੰਨ ਸਨ। ਆਪ ਦਾ ਜਨਮ ਤੋਂ ਨਾਮ ਤਿਆਗ ਮੱਲ ਸੀ। ਚੋਦਾਂ ਸਾਲ ਦੀ ਉਮਰ ਵਿਚ ਕਰਤਾਰਪੁਰ ਦੇ ਜੰਗ ਵਿਚ ਆਪ ਨੇ ਤੇਗ ਦੇ ਅਜਿਹੇ ਜੌਹਰ ਦਿਖਾਏ ਕਿ ਪਿਤਾ ਗੁਰੁ ਹਰਿਗੋਬਿੰਦ ਸਾਹਿਬ ਜੀ ਨੇ ਆਪ ਦਾ ਨਾਮ ਤੇਗ ਬਹਾਦਰ ਹੀ ਕਰ ਦਿੱਤਾ।

ਨਿਰਭੈਤਾ ਦਾ ਸੁਨੇਹਾ ਦੇਣ ਲਈ ਆਪ ਨੇ ਲੰਬੀਆਂ ਧਰਮ ਪ੍ਰਚਾਰ ਯਾਤਰਾਵਾਂ ਕੀਤੀਆਂ। ਮਾਲਵਾ ਦੇ ਇਲਾਕੇ ਵਿਚ ਤਾਂ ਆਪ ਨੇ ਤਿੰਨ ਚਾਰ ਵਾਰ ਪ੍ਰਚਾਰ ਫੇਰੀ ਕੀਤੀ। ਆਪ ਉਨ੍ਹਾਂ ਸਾਰੀਆਂ ਥਾਵਾਂ ਉਤੇ ਗਏ ਜਿੱਥੇ ਪਹਿਲਾਂ ਗੁਰੂ ਨਾਨਕ ਦੇਵ ਜੀ ਗਏ ਸਨ। ਆਪ ਲੋਕਾਂ ਨਾਲ ਸੰਪਰਕ ਵਿਚ ਆਕੇ ਮਨੁੱਖਤਾ ਦੇ ਦੁੱਖਾਂ ਨੂੰ ਦੇਖ ਕੇ ਸੋਚਾਂ ਵਿਚ ਪੈ ਜਾਂਦੇ ਤੇ ਕਈ ਵਾਰ ਗੰਭੀਰ ਵੀ ਹੋ ਜਾਂਦੇ। ਜਨਤਾ ਨੂੰ ਰਾਜਸੀ ਭੈ ਨੇ ਤਾਂ ਦਬਾਇਆ ਹੀ ਹੋਇਆ ਸੀ, ਸਗੋਂ ਅਪਣੇ ਲੋਕਾਂ ਨੇ ਵੀ ਜਾਤ ਪਾਤ,ਵਹਿਮ ਭਰਮ ਅਤੇ ਜਾਦੂ ਟੂਣਿਆਂ ਵਿਚ ਫਸਾ ਕੇ ਰੱਖਿਆ ਹੋਇਆ ਸੀ। ਆਮ ਲੋਕ ਧਰਮ ਦਾ ਅਸਲੀ ਸਰੂਪ ਤਾਂ ਭੁੱਲ ਹੀ ਚੁਕੇ ਸਨ। ਧਰਮ ਕਰਮ ਕਾਂਡਾਂ ਅਤੇ ਬੁੱਤ ਪੂਜਾ ਤਕ ਹੀ ਸੀਮਤ ਹੋ ਗਿਆ ਸੀ। ਜਦੋਂ ਅਸਾਮ ਵਿਚ ਆਪ ਕਾਮਰੂਪ ਗਏ ਤਾਂ ਉਥੇ ਦੇਖਿਆ ਕਿ ਲੋਕ ਕਾਲਖਿਆ ਦੇਵੀ ਦੇ ਉਪਾਸ਼ਕ ਸਨ। ਇਹ ਦੇਵੀ ਤੰਤ੍ਰਾਂ ਮੰਤਰਾਂ ਦੀ ਸ਼ਕਤੀ ਦਾ ਸਾਕਾਰ ਰੂਪ ਮੰਨੀ ਜਾਂਦੀ ਸੀ। ਲੋਕਾਂ ਨੇ ਉਸ ਦੇਵੀ ਦੇ ਤੰਤਰਾਂ ਮੰਤਰਾਂ ਦੇ ਭੈ ਦਾ ਜਾਲ ਅਪਨੇ

ਆਲੇ ਦੁਆਲੇ ਬੁਣਿਆ ਹੋਇਆ ਸੀ। ਦਰਿਆ ਬ੍ਰਹਮਪੁਤਰ ਦੇ ਪਾਰਲੇ ਪਾਸੇ ਬੈਠੀ ਜਾਦੂਗਰਨੀ ਨੇ ਜਾਦੂ ਟੂਣਿਆਂ ਦਾ ਪ੍ਰਗਟਾਵਾ ਕਰਕੇ ਲੋਕਾਂ ਨੂੰ ਡਰਾਇਆ ਹੋਇਆ ਸੀ। ਉਸ ਨੇ ਤਾਂ ਗੁਰੂ ਜੀ ਨੂੰ ਵੀ ਡਰਾਣ ਦੀ ਕੋਸ਼ਿਸ਼ ਕੀਤੀ। ਪਹਿਲਾਂ ਪਾਣੀ ਦੀ ਇਕ ਵੱਡੀ ਛੱਲ ਗੁਰੂ ਜੀ ਵੱਲ ਉਲਾਰੀ, ਫਿਰ ਇਕ ਬੜਾ ਭਾਰਾ ਪੱਥਰ ਸੁੱਟਿਆ ਅਤੇ ਅੰਤ ਵਿਚ ਇਕ ਦਰਖੱਤ ਹੀ ਗੁਰੂ ਜੀ ਵੱਲ ਉਡਾ ਕੇ ਆਪ ਉਸ ਉਤੇ ਬੈਠ ਕੇ ਆ ਗਈ। ਗੁਰੂ ਜੀ ਤਾਂ ਨਿਰਭੈ ਸਨ। ਉਹ ਨਿਸਚਿੰਤ ਸਿਮਰਨ ਵਿਚ ਅਡੋਲ ਬੈਠੇ ਰਹੇ। ਉਹ ਜਾਦੂਗਰਨੀ ਗੁਰੂ ਜੀ ਦੀ ਸ਼ਰਨ ਵਿਚ ਆਈ। ਗੁਰੂ ਜੀ ਨੇ ਉਸ ਨੂੰ ਸਮਝਾਇਆ ਕਿ ਦੈਵੀ ਸ਼ਕਤੀਆਂ ਲੋਕਾਂ ਦੇ ਭਲੇ ਵਾਸਤੇ ਵਰਤਨੀਆਂ ਚਾਹੀਦੀਆਂ ਹਨ, ਲੋਕਾਂ ਨੂੰ ਡਰਾਣ ਲਈ ਨਹੀਂ। ਲੋਕਾਂ ਨੂੰ ਵੀ ਸਮਝਾਇਆ ਕਿ ਨਾਮ ਸਿਮਰਨ ਹੀ ਮਨੁੱਖ ਨੂੰ ਨਿਰਭੈ ਬਨਾਉਂਦਾ ਹੈ। ਨਾਮ ਜਪਣ ਲਈ ਪਰੇਰਿਤ ਕੀਤਾ ਅਤੇ ਮਨੁੱਖਤਾ ਨੂੰ ਵਹਿਮਾਂ ਭਰਮਾਂ, ਜੰਤਰਾਂ ਮੰਤਰਾਂ ਅਤੇ ਜਾਦੂ ਟੂਣਿਆਂ ਦੇ ਭੈ ਤੋਂ ਮੁਕਤ ਕੀਤਾ। ਜਦ ਗੁਰਗੱਦੀ ਉਤੇ ਬਿਰਾਜਮਾਨ ਹੋਏ ਤਾਂ ਧੀਰ ਮੱਲ ਆਪ ਜੀ ਨਾਲ ਵੈਰ ਕਰਣ ਲੱਗਾ ਕਿਉਂ ਕਿ ਉਹ ਆਪ ਗੁਰਗੱਦੀ ਉਤੇ ਬੈਠਣਾ ਚਾਹੁੰਦਾ ਸੀ। ਉਸ ਨੇ ਸ਼ੀਹੇਂ ਮਸੰਦ ਰਾਹੀਂ ਗੁਰੂ ਜੀ ਉਤੇ ਕਾਤਲਾਨਾ ਹਮਲਾ ਕਰਵਾਇਆ ਪਰ ਗੁਰੂ ਜੀ ਬਿਲਕੁਲ ਭੈ ਭੀਤ ਨਾ ਹੋਏ। ਧੀਰਮੱਲ ਨੂੰ ਵੀ ਕੁਝ ਨਾ ਕਿਹਾ ਪਰ ਸੰਗਤਾਂ ਨੇ ਧੀਰ ਮੱਲ ਨੂੰ ਫੜ ਕੇ ਗੁਰੂ ਜੀ ਅਗੇ ਪੇਸ਼ ਕਰ ਦਿੱਤਾ। ਆਪ ਤਾਂ ਖਿਮਾ ਦੀ ਮੂਰਤ ਸਨ। ਆਪ ਨੇ ਧੀਰ ਮੱਲ ਨੂੰ ਕੋਈ ਸਜ਼ਾ ਨਾ ਦਿੱਤੀ ਅਤੇ ਸਮਝਾ ਬੁਝਾ ਕੇ ਛੱਡ ਦਿੱਤਾ।

ਅਸਲ ਵਿਚ ਪ੍ਰਮਾਤਮਾ ਨੇ ਆਪ ਨੂੰ ਦੁਨੀਆਂ ਉਤੇ ਭੇਜਿਆ ਹੀ ਮਨੁੱਖੀ ਅਧਿਕਾਰਾਂ ਦੇ ਰਾਖੇ ਬਣਾ ਕੇ ਹੀ ਸੀ, ਜਿਸ ਵਾਸਤੇ ਆਪ ਨੇ ਮਹਾਨ ਕੁਰਬਾਣੀ ਦੇਣੀ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਦੇ ਜਨਮ ਸਮੇਂ ਅਜਿਹੇ ਕੁਝ ਸੰਕੇਤ ਵੀ ਦਿੱਤੇ ਸਨ। ਸ਼ਾਇਦ ਇਸੇ ਕੁਰਬਾਨੀ ਦੀ ਤਿਆਰੀ ਵਾਸਤੇ ਹੀ ਆਪ ਜੀ ਨੂੰ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਕਾਲੇ ਭੇਜ ਦਿੱਤਾ ਸੀ। ਉਥੇ ਬਹੁਤ ਲੰਮਾ ਸਮਾਂ ਆਪ ਨੇ ਭਜਨ ਬੰਦਗੀ ਕੀਤੀ। ਬਚਪਨ ਵਿਚ ਅਪਨੀ ਕੀਮਤੀ ਪੁਸ਼ਾਕ ਲਾਹ ਕੇ ਲੋੜਵੰਦ ਦੀ ਲੋੜ ਪੂਰੀ ਕਰਣ ਲਈ ਦੇ ਆਏ ਸਨ ਤੇ ਗੁਰੂ ਬਨਣ ਤੋਂ ਬਾਦ ਦੀਨ ਦੁਖੀ ਜਨਤਾ ਦੀ ਪੁਕਾਰ ਸੁਣ ਕੇ ਆਪ ਨੇ ਅਪਣਾ ਸਰੀਰ ਰੂਪੀ ਕਪੜਾ ਸਮਾਜਕ ਅਤੇ ਧਾਰਮਿਕ ਕਦਰਾਂ ਕੀਮਤਾਂ ਦੀ ਬਹਾਲੀ ਲਈ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਦਿੱਲੀ ਵਿਖੇ ਜਾਕੇ ਕੁਰਬਾਨ ਕਰ ਦਿੱਤਾ। ਅਜਿਹੀ ਅਦੁੱਤੀ ਕੁਰਬਾਨੀ ਉਹ ਹੀ ਦੇ ਸਕਦਾ ਹੈ ਜਿਸ ਦੇ ਅੰਦਰ ਮੌਤ ਦਾ ਡਰ ਨਾ ਹੋਵੇ ਤੇ ਨਾ ਹੀ ਕੋਈ ਲਾਲਚ ਹੀ ਹੋਵੇ, ਸਗੋਂ

ਤਿਆਗ ਦੀ ਭਾਵਨਾ ਹੋਵੇ। ਇਹ ਸਭ ਗੁਣ ਤਾਂ ਆਪ ਜੀ ਵਿਚ ਸੁਭਾਵਕ ਤੌਰਤੇ ਹੀ ਸਨ। ਆਪ ਨੇ ਲੋਕਾਂ ਨੂੰ ਵੀ ਇਨ੍ਹਾਂ ਗੁਣਾਂ ਦੇ ਧਾਰਨੀ ਹੋਣ ਦੀ ਪ੍ਰੇਰਨਾ ਦਿੱਤੀ।

ਆਪ ਜੀ ਨੇ ਦੁੱਖੀ ਜਨਤਾ ਦੀ ਪੁਕਾਰ ਉਤੇ ਉਨ੍ਹਾਂ ਦੀ ਧਾਰਮਿਕ ਅਜ਼ਾਦੀ ਬਹਾਲ ਕਰਣ ਲਈ ਅਦੁੱਤੀ ਸ਼ਹੀਦੀ ਦਿੱਤੀ। ਸ਼ਹੀਦੀ ਦੁਆਰਾ ਇਹ ਦੱਸ ਦਿਤਾ ਕਿ ਹਰ ਵਿਅਕਤੀ ਨੂੰ ਅਪਨੇ ਅਪਨੇ ਧਰਮ ਅਨੁਸਾਰ ਜ਼ਿੰਦਗੀ ਜਿਉਣ ਦਾ ਹੱਕ ਹੈ। ਜ਼ਬਰਦਸਤੀ ਨਾਲ ਕਿਸੇ ਦਾ ਵੀ ਧਰਮ ਤਬਦੀਲ ਨਹੀਂ ਕੀਤਾ ਜਾ ਸਕਦਾ। ਜ਼ਿੰਦਗੀ ਭਰ ਤਾਂ ਆਪ ਲੋਕਾਂ ਵਿਚ ਜ਼ੁਅਰਤ ਭਰਦੇ ਹੀ ਰਹੇ ਸਨ, ਆਪ ਜੀ ਦੀ ਅਦੁੱਤੀ ਸ਼ਹੀਦੀ ਨੇ ਵੀ ਲੋਕਾਂ ਵਿਚੋਂ ਬੁਜ਼ਦਿਲੀ ਕੱਢ ਕੇ ਕਮਾਲ ਦੀ ਜੁਅਰਤ ਭਰੀ। ਉਨ੍ਹਾਂ ਦੀ ਸ਼ਹੀਦੀ ਨੇ ਲੋਕਾਂ ਵਿਚ ਐਸੀ ਚਿਣਗ ਲਗਾਈ ਕਿ ਗੁਲਾਮੀ ਦੇ ਸੰਗਲ ਤੋੜ ਕੇ ਹੀ ਰੱਖ ਦਿੱਤੇ। ੧੨੦੦ ਸਾਲਾਂ ਤੋਂ ਸਥਾਪਤ ਹੋਇਆ ਮੁਗਲ ਸਾਮਰਾਜ ਆਪ ਦੀ ਸ਼ਹੀਦੀ ਤੋਂ ਬਾਦ ਕੁਝ ਹੀ ਸਾਲਾਂ ਵਿਚ ਖਤਮ ਹੋ ਗਿਆ। ਆਪ ਸਚਮੁਚ ਹੀ ਮਨੁੱਖਤਾ ਦੇ ਹੱਕਾਂ ਦੇ ਰਖਵਾਲੇ ਸਨ।

ਗੁਰੂ ਜੀ ਦੀ ਸ਼ਹਾਦਤ ਵੇਲੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਉਥੇ ਮੌਜੂਦ ਸਨ। ਸਾਰੀ ਦਿੱਲੀ ਵਿਚ ਹਾਹਾਕਾਰ ਮੱਚ ਗਈ। ਆਪ ਜੀ ਦੀ ਸ਼ਹਾਦਤ ਨੇ ਲੋਕਾਂ ਵਿਚ ਹੱਕ, ਸੱਚ, ਮਨੁੱਖੀ ਅਧਿਕਾਰਾਂ ਅਤੇ ਧਰਮ ਦੀ ਅਜ਼ਾਦੀ ਲਈ ਕੁਰਬਾਨ ਹੋ ਜਾਣ ਦੀ ਜੁਅਰਤ ਭਰ ਦਿੱਤੀ। ਆਪ ਨੇ ਅਦੁੱਤੀ ਮਿਸਾਲ ਕਾਇਮ ਕਰ ਦਿੱਤੀ। ਆਪ ਜੀ ਦੀ ਸ਼ਹੀਦੀ ਨੇ ਇਹ ਸੁਨੇਹਾ ਦਿੱਤਾ ਕਿ ਸਿੱਖ ਧਰਮ ਤਾਂ ਹੈ ਹੀ ਸੱਚ, ਪ੍ਰੇਮ ,ਅਣਖ ਤੇ ਅਜ਼ਾਦੀ ਦਾ ਰਾਖਾ । ਸਿੱਖ ਦੂਜਿਆਂ ਦੀ ਰਾਖੀ ਲਈ ਵੀ ਸ਼ਹੀਦ ਹੋ ਜਾਂਦਾ ਹੈ। ਜ਼ਬਰ,ਜ਼ੁਲਮ ਵਿਰੁੱਧ ਡਟ ਕੇ ਮੁਕਾਬਲਾ ਕਰਣ ਦੀ ਸਿੱਖਿਆ ਸਿੱਖ ਨੂੰ ਪਹਿਲੇ ਗੁਰੁ ਸਾਹਿਬਾਨ ਦੇ ਸਮੇਂ ਤੋਂ ਹੀ ਮਿਲੀ। ਇਸ ਕਾਰਜ ਲਈ ਮੌਤ ਦੇ ਡਰ ਤੋਂ ਮੁਕਤ ਹੋਣਾ ਪੈਂਦਾ ਹੈ। ਆਪ ਸਿੱਖਾਂ ਨੂੰ ਨਿਡਰ ਬਣਾ ਗਏ। ਇਹ ਸਿਖਾਅ ਗਏ ਕਿ ਜੇ ਸੱਚ ਵਾਸਤੇ ਸਿਰ ਵੀ ਦੇਣਾ ਪਵੇ ਤਾਂ ਵੀ ਕਦੇ ਹਿਚਕਿਚਾਣਾ ਨਹੀਂ। ਗੁਰੁ ਤੇਗ ਬਹਾਦਰ ਸਾਹਿਬ ਨੇ ਅਜਿਹਾ ਹੀ ਆਪ ਵੀ ਕਰ ਕੇ ਦਿਖਾਇਆ। ਸਿੱਖਾਂ ਵਿਚ ਇਸੇ ਜਜ਼ਬੇ ਦੇ ਸਦਕਾ ਹੀ ਦੇਸ਼ ਗੁਲਾਮੀ ਦੇ ਸੰਗਲਾਂ ਤੋਂ ਨਿਜਾਤ ਪਾ ਸਕਿਆ। ਨਾ ਡਰੋ ਤੇ ਨਾ ਡਰਾਓ ਦੇ ਅਸੂਲ ਉਤੇ ਚਲਨਾ ਤਾਂ ਹਰ ਸਮੇਂ ਜ਼ਰੂਰੀ ਹੈ। ਅਜ਼ਾਦੀ ਕਾਇਮ ਰੱਖਨ ਲਈ ਵੀ ਇਸੇ ਭਾਵਨਾ ਦੀ ਹੋਂਦ ਬਹੁਤ ਅਹਿਮ ਸਥਾਨ ਰੱਖਦੀ ਹੈ। ਆਪ ਕਿਸੇ ਖਾਸ ਧਰਮ ਜਾਂ ਫਿਰਕੇ ਦੇ ਨਹੀਂ ਸਗੋਂ ਸਮੁੱਚੀ ਮਨੁੱਖਤਾ ਦੇ ਅਧਿਕਾਰਾਂ ਦੇ ਰਾਖੇ ਸਨ। ਇਸੇ ਲਈ ਆਪ ਜੀ ਨੂੰ ਸਮੁੱਚੀ ਸ੍ਰਿਸ਼ਟੀ ਦੀ ਚਾਦਰ ਕਿਹਾ ਜਾਂਦਾ ਹੈ।

## ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ ਦੀ ਦ੍ਰਿੜਤਾ

**(ਬਕਾਲੇ ਵਿਖੇ)**

ਗੁਰੂ ਤੇਗ ਬਹਾਦਰ ਜੀ ਦੀ ਜੀਵਨੀ ਉਤੇ ਨਜ਼ਰ ਪਾਈਏ ਤਾਂ ਪਤਾ ਲਗਦਾ ਹੈ ਕਿ ਆਪ ਦਾ ਬਹੁਤਾ ਸਮਾਂ ਪ੍ਰਚਾਰ ਫੇਰੀਆਂ ਵਿਚ ਲਗਿਆ। ਇਨ੍ਹਾਂ ਯਾਤਰਾਵਾਂ ਦੌਰਾਨ ਆਪ ਨੂੰ ਲੋਕਾਂ ਵਿਚ ਬਹੁਤ ਨੇੜੇ ਤੋਂ ਵਿਚਰਨ ਦਾ ਮੌਕਾ ਮਿਲਿਆ। 1 ਅਪ੍ਰੈਲ 1621 ਵਿਚ ਆਪ ਦਾ ਜਨਮ ਹੋਇਆ। ਸੰਨ 1630 ਤਕ ਆਪ ਜੀ ਦੀ ਜ਼ਿੰਦਗੀ ਦੇ ਬਚਪਨ ਦੇ ਨੌਂ ਸਾਲ ਅੰਮ੍ਰਿਤਸਰ ਵਿਚ ਬੀਤੇ। ਫਿਰ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਾਲ ਉਹ ਕੀਰਤਪੁਰ ਆ ਗਏ।

ਕੀਰਤਪੁਰ ਵਿਚ ਰਹਿੰਦਿਆਂ ਆਪ ਕਈ ਵਾਰ ਉਪਰ ਪਹਾੜਾਂ ਵਲ ਜਾਂਦੇ ਅਤੇ ਆਮ ਲੋਕਾਂ ਨਾਲ ਗਲ ਬਾਤ ਕਰਦੇ। ਕਰਤਾਰਪੁਰ ਦੇ ਜੰਗ ਤੋਂ ਬਾਦ ਸੰਨ 1634 ਵਿਚ ਪਿਤਾ ਗੁਰੁ ਹਰਗੋਬਿੰਦ ਸਾਹਿਬ ਜੀ ਦੀ ਆਗਿਆ ਅਨੁਸਾਰ ਆਪ ਮਾਤਾ ਗੁਜਰੀ ਅਤੇ ਮਾਤਾ ਨਾਨਕੀ ਸਮੇਤ ਬਕਾਲੇ ਆ ਕੇ ਰਹਿਣ ਲਗ ਪਏ । ਸੰਨ 1664 ਵਿਚ ਗੁਰਗੱਦੀ ਉਤੇ ਬਿਰਾਜਮਾਨ ਹੋਣ ਤਕ ਉਹ ਬਕਾਲੇ ਵਿਖੇ ਹੀ ਡਹੇ। ਬਕਾਲੇ ਵਿਚ ਵੀ ਉਹ ਲੋਕਾਂ ਦੇ ਸੰਪਰਕ ਵਿਚ ਆਂਦੇ ਰਹਿੰਦੇ ਸਨ। ਲੋਕ ਉਨ੍ਹਾਂ ਨਾਲ ਵਿਚਾਰ ਵਟਾਂਦਰਾ ਕਰਨ ਆਂਦੇ ਰਹਿੰਦੇ ਸਨ। ਗੁਰੂ ਸਪੁੱਤਰ ਹੋਣ ਕਰਕੇ ਅਤੇ ਅਪਨੀ ਸ਼ਖਸੀਅਤ ਦੇ ਪ੍ਰਭਾਵ ਕਰਕੇ ਆਪ ਜੀ ਲੋਕਾਂ ਵਿਚ ਖਾਸ ਸਥਾਨ ਰਖਦੇ ਸਨ। ਆਮ ਲੋਕਾਂ ਦੀਆਂ ਸਮੱਸਿਆਵਾਂ ਤੋਂ ਆਪ ਜੀ ਪੂਰੀ ਤਰ੍ਹਾਂ ਵਾਕਫ ਹੋ ਗਏ ਸਨ।

ਉਨ੍ਹਾਂ ਨੇ ਅਪਣੀ ਜ਼ਿੰਦਗੀ ਇਕ ਵੱਡਾ ਹਿੱਸਾ ਲਗਪਗ ੨੧ ਸਾਲ ਬਕਾਲੇ ਵਿਖੇ ਨਾਮ ਸਿਮਰਨ ਵਿਚ ਹੀ ਬਿਤਾਇਆ। ਜਿੰਨੀ ਵੱਡੀ ਡਿਊਟੀ ਪ੍ਰਮਾਤਮਾ ਵਲੋਂ ਆਪ ਜੀ ਦੀ ਲੱਗੀ ਸੀ, ਉਨੀ ਹੀ ਉਸ ਦੀ ਤਿਆਰੀ ਵੀ ਵਧੇਰੇ ਚਾਹੀਦੀ ਸੀ। ਸਿਮਰਨ ਕਰਨ ਨਾਲ ਜੁਅਰਤ ਅਤੇ ਨਿਰਭੈਤਾ ਦਾ ਮਨ ਵਿਚ ਵਾਸਾ ਹੁੰਦਾ ਹੈ। ਬਕਾਲੇ ਰਹਿੰਦੇ ਹੋਏ ਆਪ ਲੁਕਾਈ ਦੀ ਮਾਨਸਿਕ ਦਸ਼ਾ ਜਾਨਣ ਵਾਸਤੇ ਤੀਰਥਾਂ ਉਤੇ ਗਏ । ਆਪ ਜੀ ਨੇ ਭਾਰਤ ਦੇ ਹਾਲਾਤਾਂ ਨੂੰ ਚੰਗੀ ਤਰ੍ਹਾਂ ਦੇਖਿਆ । ਆਪ ਜੀ ਸਮਝ ਗਏ ਸਨ ਕਿ ਲੋਕਾਂ ਨੂੰ ਟੁੰਬਨਾ ਜ਼ਰੂਰੀ ਹੈ। ਬਕਾਲੇ ਵਿਖੇ ਬਹੁਤ ਲੋਕ ਉਨ੍ਹਾਂ ਨੂੰ ਗੁਰੂ ਸਪੁਤਰ ਜਾਣ ਕੇ ਵਿਚਾਰ ਵਟਾਂਦਰਾ ਕਰਨ ਆਂਦੇ ਹੀ ਰਹਿੰਦੇ ਸਨ। ਵਿਚਾਰ ਵਟਾਂਦਰੇ ਦੌਰਾਨ ਉਹ ਲੋਕਾਂ ਨੂੰ ਸੁਚੇਤ

ਕਰਦੇ ਅਤੇ ਨਿਰਭੈ ਹੋਣ ਦੀ ਸਿੱਖਿਆ ਦੇਂਦੇ। ਇਸ ਕਰਕੇ ਆਪ ਹਾਲਾਤ ਅਤੇ ਲੋਕਾਂ ਦੀ ਮਾਨਸਿਕਤਾ ਤੋਂ ਚੰਗੀ ਤਰ੍ਹਾਂ ਜਾਣੂ ਹੋ ਗਏ।

ਬਕਾਲੇ ਰਹਿੰਦਿਆਂ ਹੋਇਆਂ ਹੀ ਆਪ ਨੇ ਸੰਨ 1656 ਵਿਚ ਤੀਰਥਾਂ ਦਾ ਭ੍ਰਮਨ ਕਰਣ ਦਾ ਪ੍ਰੋਗਰਾਮ ਬਣਾਇਆ। ਤੀਰਥ ਯਾਤਰਾ ਦਾ ਤਾਂ ਬਹਾਨਾ ਹੀ ਸੀ । ਆਪ ਅਸਲ ਵਿਚ ਲੋਕਾਂ ਦੀਆਂ ਸਮੱਸਿਆਵਾਂ ਤੋਂ ਜਾਣੂ ਹੋਣਾ ਚਾਂਹਦੇ ਸਨ। ਚਾਰ ਸਾਲਾਂ ਵਾਸਤੇ ਕਈ ਤੀਰਥਾਂ ਉਤੇ ਯਾਤਰਾ ਕੀਤੀ। ਇਸ ਯਾਤਰਾ ਦੌਰਾਨ ਆਮ ਲੋਕਾਂ ਤੋਂ ਇਲਾਵਾ ਆਪ ਬਹੁਤ ਧਾਰਮਿਕ ਆਗੂਆਂ ਨਾਲ ਵੀ ਸੰਪਰਕ ਵਿਚ ਆਏ।ਆਪ ਜੀ ਨੇ ਉਨ੍ਹਾਂ ਨਾਲ ਬਚਨ ਬਿਲਾਸ ਕੀਤੇ ਤਾਂ ਮਹਿਸੂਸ ਕੀਤਾ ਕਿ ਦੇਸ਼ ਦੇ ਆਮ ਲੋਕ ਬਹੁਤ ਭੈ ਵਿਚ ਜੀ ਰਹੇ ਸਨ।ਉਹ ਰਾਜਸੀ, ਧਾਰਮਿਕ, ਆਰਥਿਕ ਅਤੇ ਸਮਾਜਕ ਮੰਦਹਾਲੀ ਵਿਚ ਦਿਨ ਕੱਟੀ ਕਰ ਰਹੇ ਸਨ।ਆਮ ਜਨਤਾ ਜ਼ੁਲਮ ਅਤੇ ਗੁਲਾਮੀ ਦਾ ਸ਼ਿਕਾਰ ਹੋ ਰਹੀ ਸੀ।ਆਪ ਨੇ ਮਹਿਸੂਸ ਕੀਤਾ ਕਿ ਗੁਲਾਮੀ ਦੇ ਸੰਗਲ ਕੱਟੇ ਬਿਨਾਂ ਹਾਲਾਤ ਵਿਚ ਸੁਧਾਰ ਹੋਣਾ ਬਹੁਤ ਮੁਸ਼ਕਲ ਹੈ।ਤੀਰਥ ਯਾਤਰਾ ਤੋਂ ਵਾਪਸ ਆਂਦੇ ਹੋਏ ਆਪ ਦਿੱਲੀ ਹੋ ਕੇ ਆਏ।ਉਥੇ ਉਹ ਗੁਰੁ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਮਿਲੇ।ਉਨ੍ਹਾਂ ਨਾਲ ਵੀ ਵਿਚਾਰ ਵਟਾਂਦਰਾ ਕੀਤਾ।ਫਿਰ ਬਕਾਲੇ ਵਾਪਸ ਆ ਗਏ।ਵਾਪਸ ਆ ਕੇ ਆਪ ਦੁਨੀਆਂ ਦੇ ਦੁੱਖਾਂ ਦੀ ਨਵਿਰਤੀ ਬਾਰੇ ਹੀ ਸੋਚਦੇ ਰਹਿੰਦੇ।

30 ਮਾਰਚ ਸੰਨ 1664 ਵਿਚ ਦਿੱਲੀ ਵਿਖੇ ਅਠਵੇਂ ਗੁਰੂ,ਗੁਰੁ ਹਰਿਕ੍ਰਸ਼ਨ ਸਾਹਿਬ ਜੋਤੀ ਜੋਤ ਸਮਾ ਗਏ । ਉਨ੍ਹਾਂ ਨੇ ਗੁਰਗੱਦੀ ਗੁਰੁ ਤੇਗ ਬਹਾਦਰ ਜੀ ਨੂੰ ਸੌਂਪੀ ਅਤੇ ਸੰਗਤ ਨੂੰ ਹਦਾਇਤ ਦਿੱਤੀ :

ਬਾਬਾ ਬਸਹਿਂ ਗ੍ਰਾਮ ਬਕਾਲੇ। ਬਨਿ ਗੁਰ ,ਸੰਗਤਿ ਸਕਲ ਸਮਾਲੇ।

ਗੁਰੁ ਤੇਗ ਬਹਾਦਰ ਜੀ ਬਕਾਲੇ ਰਹਿੰਦੇ ਸਨ ਅਤੇ ਉਹ ਰਿਸ਼ਤੇ ਵਿਚ ਗੁਰੁ ਹਰਿਕ੍ਰਿਸ਼ਨ ਸਾਹਿਬ ਜੀ ਦੇ ਬਾਬਾ ਜੀ ਲਗਦੇ ਸਨ।ਸੰਗਤ ਨੂੰ ਪਤਾ ਸੀ ਕਿ ਉਹ ਗੁਰੂ ਹਰਿਕਿਸ਼ਨ ਸਾਹਿਬ ਨੇ ਗੁਰਗੱਦੀ ਤੇਗ ਬਹਾਦਰ ਜੀ ਨੂੰ ਸੌਂਪੀ ਹੈ। ਪਰ ਧੀਰ ਮੱਲ ਅਤੇ ਸ਼ਰੀਕੇ ਵਿਚੋਂ ਹੋਰ ਸੋਢੀ ਮੌਕਾ ਤਾੜ ਕੇ ਬਕਾਲੇ ਆ ਕੇ ਗੱਦੀਆਂ ਲਗਾ ਕੇ ਬਹਿ ਗਏ। ਆਮ ਸੰਗਤਾਂ ਨੂੰ ਗੁਮਰਾਹ ਕਰਣ ਲਗੇ।ਸੰਗਤਾਂ ਗੁਰੂ ਸਾਹਿਬ ਦੀ ਭਾਲ ਕਰਨ ਲਗੀਆਂ ।ਗੁਰੁ ਤੇਗ ਬਹਾਦਰ ਜੀ ਸਭ ਕੁਝ ਦੇਖ ਤਾਂ ਰਹੇ ਸਨ ਪਰ ਸ਼ਾਂਤ ਬੈਠੇ ਰਹੇ।ਆਪ ਜੀ ਵਿਚ ਸਹਿਨਸ਼ੀਲਤਾ ਅਤਿ ਦਰਜੇ ਦੀ ਸੀ।ਉਨ੍ਹਾਂ ਨੇ ਅਪਣੇ ਆਪ ਨੂੰ ਪਰਗਟ ਕਰਣ ਦੀ ਬਿਲਕੁਲ ਵੀ ਕੋਈ

ਕੋਸ਼ਿਸ਼ ਨਾ ਕੀਤੀ।

ਜ਼ਿਲਾ ਜੇਹਲਮ ਦਾ ਵਸਨੀਕ ਇਕ ਗੁਰਸਿੱਖ ਭਾਈ ਮੱਖਣ ਸ਼ਾਹ ਲੁਬਾਣਾ ਗੁਰੂ ਜੀ ਦੇ ਦਰਸ਼ਨ ਕਰਣ ਲਈ ਬਕਾਲੇ ਆਇਆ। ਉਸ ਨੇ ਗੁਰੂ ਜੀ ਨੂੰ ਪ੍ਰਗਟ ਕੀਤਾ ਅਤੇ ਸੰਗਤਾਂ ਨੂੰ ਦੱਸ ਦਿੱਤਾ ਕਿ ਅਸਲ ਗੁਰੂ ਕੌਣ ਹੈ ਅਤੇ ਕਿਥੇ ਹੈ। ਸੰਗਤਾਂ ਤਾਂ ਪਹਿਲਾਂ ਹੀ ਵਿਆਕੁਲ ਸਨ।ਪਤਾ ਲਗਣ ਉਤੇ ਵਹੀਰਾਂ ਘੱਤ ਕੇ ਦਰਸ਼ਨਾਂ ਲਈ ਆਨ ਲਗੀਆਂ। ਧੀਰ ਮੱਲ ਦੀ ਸੰਗਤਾਂ ਸਾਹਮਣੇ ਕੁਝ ਵੀ ਪੇਸ਼ ਨਾ ਗਈ।

ਆਪ ਨੇ ਗੁਰਗੱਦੀ ਦੀ ਜ਼ੁਮੇਵਾਰੀ ਪੂਰੀ ਤਰ੍ਹਾਂ ਸੰਭਾਲ ਲਈ। ਆਪ ਜੀ ਸੰਗਤਾਂ ਨੂੰ ਨਾਮ ਜਪਨ ਦੀ ਪ੍ਰੇਰਨਾ ਦੇਂਦੇ। ਸਮੇਂ ਦੇ ਹਾਲਾਤਾਂ ਤੋਂ ਵੀ ਸਭ ਨੂੰ ਜਾਣੂ ਕਰਵਾਂਦੇ। ਸੰਗਤਾਂ ਨੂੰ ਸਮਝਾਂਦੇ ਕਿ ਜ਼ੁਲਮ ਦੇ ਖਾਤਮੇ ਲਈ ਜ਼ਾਲਮਾਂ ਨਾਲ ਜੂਝਣਾ ਪੈਂਦਾ ਹੈ।ਜੂਝਣ ਲਈ ਜਿਥੇ ਜੁੱਸਾ ਤਾਂ ਬਲਵਾਨ ਚਾਹੀਦਾ ਹੀ ਹੈ ਸਗੋਂ ਮਨ ਦਾ ਬਲਵਾਨ ਹੋਣਾ ਹੋਰ ਵੀ ਵਧੇਰੇ ਜ਼ਰੂਰੀ ਹੈ। ਮਨ ਬਲਵਾਣ ਕਰਨ ਲਈ ਲੋਕਾਂ ਨੂੰ ਨਾਮ ਸਿਮਰਨ ਵਿਚ ਜੋੜਦੇ।ਆਮ ਜਨਤਾ ਡਰ ਦੇ ਮਾਹੌਲ ਵਿਚ ਦਿਨ ਕੱਟ ਰਹੀ ਸੀ।ਡਰਪੋਕ ਮਨੁੱਖ ਜ਼ੁਲਮ ਦੇ ਖਿਲਾਫ ਕਿਵੇਂ ਜੂਝ ਸਕਦਾ ਹੈ।ਇਸ ਲਈ ਆਪ ਨੇ ਸੰਗਤਾਂ ਨੂੰ ਨਿਰਭੈ ਹੋਣ ਦੀ ਸਿੱਖਿਆ ਦਿੱਤੀ। ਮੌਤ ਦਾ ਸਹਿਮ ਸੰਗਤਾਂ ਦੇ ਮਨਾਂ ਵਿਚੋਂ ਕੱਢਿਆ।

ਛੇਵੇਂ ਗੁਰ ਦੇ ਸਭ ਤੋਂ ਛੋਟੇ
ਸਾਹਿਬਜ਼ਾਦੇ ਸਨ ਤੇਗ ਬਹਾਦਰ।
ਤਿਆਗ ਬਿਰਤੀ ਪ੍ਰਧਾਨ ਵੇਖ ਕੇ
ਸਭ ਤਿਆਗ ਮੱਲ ਕਹਿ ਦੇਂਦੇ ਆਦਰ।
ਤੇਗ ਚਲਾਵਣ ਵਿਚ ਵੀ ਮਾਹਰ
ਬੀਰ ਰਸ ਵਿਚ ਰਹਿੰਦੇ ਸਾਦਰ।
ਐਪਰ ਸੀਸ ਕਟਾਇਆ ਧਰਮ ਦੀ ਖਾਤਰ
ਤਾਂ ਹੀ ਅਖਵਾਏ ਸ੍ਰਿਸ਼ਟ ਦੀ ਚਾਦਰ।

ਡਾ. ਕੁਲਦੀਪ ਕੌਰ ਮੋਹਾਲੀ

# ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ ਦੀ ਦ੍ਰਿੜਤਾ

## ਪ੍ਰਚਾਰ ਫੇਰੀਆਂ ਦੌਰਾਨ

ਆਪ ਨੇ ਔਰੰਗਜ਼ੇਬ ਦੀ ਤੁਅਸਬੀ ਸੋਚ ਨੂੰ ਮਹਿਸੂਸ ਕਰ ਲਿਆ ਸੀ। ਆਪ ਨੇ ਭਾਂਪ ਲਿਆ ਸੀ ਕਿ ਔਖਾ ਸਮਾਂ ਆ ਰਿਹਾ ਹੈ। ਔਰੰਗਜ਼ੇਬ ਦੇ ਸਤਾਏ ਹੋਏ ਲੋਕਾਂ ਵਿਚ ਸਾਹਸ ਭਰਣਾ ਸਮੇਂ ਦੀ ਸਭ ਤੋਂ ਵੱਡੀ ਜ਼ਰੂਰਤ ਸੀ। ਲੋਕਾਂ ਨੂੰ ਹਾਲਾਤ ਨਾਲ ਜੂਝਣ ਲਈ ਉਨ੍ਹਾਂ ਵਿਚ ਨਿਡਰਤਾ ਅਤੇ ਜ਼ੁਅਰਤ ਭਰਨੀ ਬਹੁਤ ਜ਼ਰੂਰੀ ਸੀ। ਇਸ ਕੰਮ ਲਈ ਆਪ ਨੇ ਆਪ ਜਾ ਕੇ ਲੋਕਾਂ ਨੂੰ ਸੁਚੇਤ ਕਰਣ ਲਈ ਪ੍ਰਚਾਰ ਫੇਰੀ ਕਰਣ ਦਾ ਪ੍ਰੋਗਰਾਮ ਬਣਾਇਆ।

<u>ਮਾਲਵੇ ਦੀ ਪ੍ਰਚਾਰ ਫੇਰੀ</u> : ਪਹਿਲੇ ਗੁਰੂ ਸਾਹਿਬਾਨ ਵੀ ਪ੍ਰਚਾਰ ਫੇਰੀਆਂ ਕਰਦੇ ਰਹੇ ਸਨ। ਗੁਰੂ ਨਾਨਕ ਦੇਵ ਜੀ ਨੇ ਲੰਬੀਆਂ ਲੰਬੀਆਂ ਪ੍ਰਚਾਰ ਫੇਰੀਆਂ ਕੀਤੀਆਂ ਸਨ। ਗੁਰੂ ਅਰਜਨ ਦੇਵ ਜੀ ਨੇ ਕਾਲ ਅਤੇ ਔੜ ਦੇ ਸਮੇਂ ਮਾਝੇ ਵਲ ਖਾਸ ਧਿਆਨ ਦਿੱਤਾ ਸੀ। ਆਪ ਨੇ ਮਹਿਸੂਸ ਕੀਤਾ ਕਿ ਮਾਲਵੇ ਦੇ ਇਲਾਕੇ ਵਿਚ ਪ੍ਰਚਾਰ ਦੀ ਵਧੇਰੇ ਲੋੜ ਸੀ ਕਿਉਂਕਿ ਪਹਿਲੇ ਗੁਰੁ ਸਾਹਿਬਾਨ ਮਾਲਵੇ ਦੇ ਇਲਾਕੇ ਵਿਚ ਬਹੁਤਾ ਨਹੀਂ ਆ ਸਕੇ ਸਨ। ਇਥੋਂ ਦੇ ਲੋਕ ਬਹੁਤ ਭੋਲੇ ਭਾਲੇ ਅਤੇ ਮਨ ਦੇ ਸਾਫ ਸਨ ਪਰ ਡਰ ਦੇ ਮਾਹੌਲ ਵਿਚ ਰਹਿਣ ਕਾਰਨ ਮਨ ਦੇ ਕਮਜ਼ੋਰ ਹੋ ਗਏ ਸਨ। ਗੁਰੂ ਤੇਗ ਬਹਾਦਰ ਜੀ ਨੇ ਲੋਕਾਂ ਦੀ ਆਰਥਕ, ਸਮਾਜਿਕ ਅਤੇ ਧਾਰਮਿਕ ਹਾਲਾਤ ਸੁਧਾਰਨ ਲਈ ਮਾਲਵੇ ਵਲ ਪ੍ਰਚਾਰ ਦੌਰਾ ਕਰਨ ਦਾ ਪ੍ਰੋਗਰਾਮ ਬਣਾ ਲਿਆ। ਸੰਗਤਾਂ ਸਮੇਤ ਆਪ ਬਕਾਲੇ ਤੋਂ ਅੰਮ੍ਰਿਤਸਰ,ਵੱਲੇ, ਤਰਨ ਤਾਰਨ ,ਖਡੂਰ ਸਾਹਿਬ ਤੇ ਗੋਇੰਦਵਾਲ ਤੋਂ ਹੁੰਦੇ ਹੋਏ ਮਾਲਵੇ ਵਾਲੇ ਇਲਾਕੇ ਵਲ ਗਏ ਅਤੇ ਜਗ੍ਹਾ ਜਗ੍ਹਾ ਜਾ ਕੇ ਲੋਕਾਂ ਅੰਦਰ ਨਿਰਭੈਤਾ ਭਰੀ। ਆਪ ਲੱਖੀ ਜੰਗਲ ਵੀ ਗਏ। ਇਤਹਾਸ ਗਵਾਹ ਹੈ ਕਿ ਇਸ ਇਲਾਕੇ ਵਿਚ ਬਹੁਤ ਜੋਧੇ ਪੈਦਾ ਹੋਏ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਵੀ ਸਮੇਂ ਸਮੇਂ ਪਹੁੰਚਦੇ ਰਹੇ। ਇਹ ਗੁਰੂ ਜੀ ਦੇ ਪ੍ਰਚਾਰ ਸਦਕਾ ਹੀ ਸੰਭਵ ਹੋ ਸਕਿਆ। ਮਾਲਵੇ ਦੇ ਇਲਾਕੇ ਵਿਚ ਆਪ ਲਗਪਗ ਇਕ ਸਾਲ ਵਿਚਰਦੇ ਰਹੇ। ਆਪ ਤਲਵੰਡੀ ਸਾਬੋ ਵੀ ਗਏ। ਥਾਂ ਥਾਂ ਆਪ ਜਾ ਕੇ ਭੈ ਕਾਹੁ ਕੋ ਦੇਤਿ ਨਹਿ ਨਹਿ ਭੈ ਮਾਨਤ ਆਨ ਦੀ ਸਿੱਖਿਆ ਦ੍ਰਿੜ ਕਰਵਾਂਦੇ ਰਹੇ। ਆਪ ਜਿੱਥੇ ਵੀ ਗਏ, ਸਿੱਖੀ ਦੇ ਪ੍ਰਚਾਰ ਕੇਂਦਰ ਸਥਾਪਤ ਕੀਤੇ। ਜੁੱਸੇ ਦੇ ਬਲਵਾਨ ਬਣਨ ਉਤੇ ਵੀ ਜ਼ੋਰ ਪਾਇਆ।

ਕਈ ਜਗ੍ਹਾ ਤੋਂ ਹੁੰਦੇ ਹੋਏ ਧਮਤਾਨ ਪਹੁੰਚੇ। ਇਥੇ ਚੁਮਾਸਾ ਕੱਟਿਆ। ਵੈਸਾਖੀ ਇਥੇ ਹੀ ਮਨਾਈ। ਇਹ ਇਕ ਪ੍ਰਸਿੱਧ ਗੁਰ ਅਸਥਾਨ ਹੀ ਬਣ ਗਿਆ।

ਨਾਮ ਜਪਨ ਅਤੇ ਨਾ ਡਰੋ ਤੇ ਨਾ ਡਰਾਓ ਦੀ ਸਿੱਖਿਆ ਤਾਂ ਦੇ ਹੀ ਰਹੇ ਸਨ, ਨਸ਼ਿਆਂ ਦਾ ਪ੍ਰਹੇਜ਼,ਵਹਿਮਾਂ ਭਰਮਾਂ ਦਾ ਤਿਆਗ ਦਾ ਉਪਦੇਸ਼ ਵੀ ਦ੍ਰਿੜ ਕਰਵਾਂਦੇ। ਪ੍ਰਚਾਰ ਦੌਰਾਨ ਲੋਕ ਭਲਾਈ ਦੇ ਕਾਰਜ ਵੀ ਕਰਦੇ ਜਾਂਦੇ। ਸੰਗਤਾਂ ਨੂੰ ਸ਼ੁਭ ਕਰਮ ਕਰਣ ਲਈ ਪ੍ਰੇਰਦੇ। ਜਬਰ ਜ਼ੁਲਮ ਕਰਨ ਤੋਂ ਵਰਜਦੇ। ਪ੍ਰਚਾਰ ਫੇਰੀਆਂ ਦੌਰਾਨ ਮਾਤਾ ਗੁਜਰੀ ਜੀ ਵੀ ਆਪ ਜੀ ਦੇ ਨਾਲ ਸਨ। ਉਹ ਵੀ ਗੁਰੂ ਜੀ ਦੇ ਕੰਮਾਂ ਵਿਚ ਪੂਰਾ ਸਾਥ ਦੇਂਦੇ। ਕਈ ਜਗ੍ਹਾ ਤੋਂ ਹੁੰਦੇ ਹੋਏ ਅੰਤ ਕੀਰਤਪੁਰ ਸਾਹਿਬ ਪਹੁੰਚ ਗਏ। ਉਥੇ ਕੁਝ ਦੇਰ ਟਿਕਾਣਾ ਕੀਤਾ।

ਆਪ ਨੇ ਮਹਿਸੂਸ ਕੀਤਾ ਕਿ ਕੀਰਤਪੁਰ ਵਿਚ ਟਿਕਾਣਾ ਰੱਖਣਾ ਬਦਲਦੇ ਹਾਲਾਤਾਂ ਵਿਚ ਸੁਰੱਖਿਅਤ ਨਹੀਂ। ਇਸ ਲਈ ਅਨੁਕੂਲ ਥਾਂ ਦੀ ਚੋਣ ਕਰਕੇ ਕਹਿਲੂਰ ਦੇ ਰਾਜੇ ਕੋਲੋਂ ਜ਼ਮੀਨ ਖਰੀਦ ਕੇ ਆਪ ਨੇ ਪਹਾੜਾਂ ਦੇ ਪੈਰਾਂ ਵਿਚ ਸੰਨ 1665 ਵਿਚ ਇਕ ਨਗਰ ਵਸਾਇਆ। ਉਸ ਦਾ ਨਾਮ ਨਾਨਕੀ ਚੱਕ ਰੱਖਿਆ। ਨਾਨਕੀ ਆਪ ਦੇ ਮਾਤਾ ਜੀ ਦਾ ਨਾਂ ਸੀ। ਅਜ ਕਲ ਇਸ ਨਗਰ ਨੂੰ ਅਨੰਦਪੁਰ ਸਾਹਿਬ ਕਿਹਾ ਜਾਂਦਾ ਹੈ। ਇਹ ਨਾਮ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨਗਰ ਨੂੰ ਦਿੱਤਾ ਸੀ। ਇਸ ਨਗਰ ਦੀ ਭੂਗੋਲਿਕ ਸਥਿਤੀ ਜੁੱਧ ਦੇ ਪੱਖ ਤੋਂ ਕੀਰਤਪੁਰ ਨਾਲੋਂ ਜ਼ਿਆਦਾ ਅਨੁਕੂਲ ਸੀ। ਆਪ ਨੂੰ ਪਤਾ ਸੀ ਕਿ ਇਥੇ ਹੀ ਸਿੱਖ ਨੇ ਸਿੰਘ ਬਨਣਾ ਹੈ ਤੇ ਜਾਨ ਵਾਰਨ ਦੀ ਜਾਚ ਸਿੱਖਣੀ ਹੈ ਅਤੇ ਇਹ ਨਗਰ ਖਾਲਸੇ ਦਾ ਜਨਮ ਸਥਾਨ ਬਣੇਗਾ। ਇਸ ਲਈ ਇਸ ਨਗਰ ਦਾ ਨਕਸ਼ਾ ਗੁਰੂ ਜੀ ਨੇ ਆਪ ਉਲੀਕਿਆ। ਸੰਗਤਾਂ ਹੁਣ ਅਨੰਦਪੁਰ ਸਾਹਿਬ ਆਣ ਲਗ ਪਈਆਂ। ਲੋਕ ਆਂਦੇ ਤੇ ਨਿਰਭੈ ਹੋ ਕੇ ਜਾਂਦੇ। ਸੁਚੱਜੀ ਜੀਵਨ ਜਾਚ ਸਿੱਖ ਕੇ ਵਾਪਸ ਘਰਾਂ ਨੂੰ ਜਾਂਦੇ।

<u>ਅਨੰਦਪੁਰ ਸਾਹਿਬ ਤੋਂ ਪ੍ਰਚਾਰ ਫੇਰੀ :</u> ਔਰੰਗਜ਼ੇਬ ਨੇ ਤਾਂ ਤਖਤ ਉਤੇ ਬੈਠਦਿਆਂ ਹੀ ਤੁਅਸਬੀ ਨੀਤੀ ਅਪਨਾ ਲਈ ਸੀ। ਹਿੰਦੂਆਂ ਉਤੇ ਤਾਂ ਅਤਿਆਚਾਰਾਂ ਦੇ ਚੱਕਰ ਹੀ ਚਲ ਪਏ । ਉਸ ਨੇ ਮੰਦਰ ਢਾਹਣੇ ਸ਼ੁਰੂ ਕਰ ਦਿੱਤੇ। ਆਰਥਿਕ ਤੌਰ ਉਤੇ ਵੀ ਢਾਅ ਲਗਾਣੀ ਸ਼ੁਰੂ ਕਰ ਦਿੱਤੀ। ਜਜ਼ੀਆ ਲਗਾ ਦਿੱਤਾ। ਹਿੰਦੂਆਂ ਨੂੰ ਚੁੰਗੀ ਮੁਸਲਮਾਨਾਂ ਨਾਲੋਂ ਦੁਗਨੀ ਦੇਣੀ ਪੈਂਦੀ । ਲੋਕ

ਬਹੁਤ ਸਹਿਮੇ ਹੋਏ ਸਨ। ਸੰਗਤਾਂ ਆਂਦੀਆਂ ਤੇ ਅਪਨੇ ਮਨ ਦੀਆਂ ਭਾਵਨਾਵਾਂ ਗੁਰੂ ਜੀ ਅੱਗੇ ਪਰਗਟ ਕਰਦੀਆਂ। ਆਪ ਉਨ੍ਹਾਂ ਨੂੰ ਹੌਂਸਲਾ ਦੇਂਦੇ। ਆਪ ਜੀ ਹਾਲਾਤ ਦੇਖ ਕੇ ਬਹੁਤ ਚਿੰਤਤ ਹੋਏ।

ਮਰੂੰ ਮਰੂੰ ਕਰਦੇ ਲੋਕਾਂ ਵਿਚ ਸਾਹਸ ਭਰਣਾ ਜ਼ਰੂਰੀ ਸੀ। ਇਸ ਲਈ ਆਪ ਨੇ ਫਿਰ ਪ੍ਰਚਾਰ ਦੌਰਾ ਕਰਣ ਦਾ ਫੈਸਲਾ ਕੀਤਾ। ਅਨੰਦਪੁਰੀ ਦੀ ਦੇਖ ਭਾਲ ਲਈ ਕੁਝ ਸਿੱਖਾਂ ਨੂੰ ਡਿਊਟੀ ਸੌਂਪੀ। ਸਭ ਜ਼ਰੂਰੀ ਹਦਾਇਤਾਂ ਦਿੱਤੀਆਂ। ਇਹ ਮਹੱਤਵਪੂਰਨ ਗਲ ਹੈ ਕਿ ਹੋਰ ਹਦਾਇਤਾਂ ਦੇ ਨਾਲ ਨਾਲ ਆਪ ਨੇ ਇਕ ਹਦਾਇਤ ਇਹ ਵੀ ਦਿੱਤੀ ਕਿ ਜੇ ਕੋਈ ਨਗਰ ਵਾਸੀਆਂ ਨੂੰ ਸਤਾਏ ਤਾਂ ਚੁਪ ਕਰ ਕੇ ਨਹੀਂ ਬੈਠਨਾ। ਉਸ ਨੂੰ ਰੋਕਨਾ ਹੈ। ਨਿਰਭੈ ਹੋ ਕੇ ਵਿਚਰਨਾ ਹੈ। ਆਪ ਨੇ ਇਹ ਵੀ ਕਿਹਾ ਕਿ ਦੋਸਤੀ ਵੀ ਉਸੇ ਨਾਲ ਹੀ ਕਰਨੀ ਹੈ ਜੋ ਨਿਰਭੈ ਹੋਵੇ।

ਸੰਨ 1667 ਵਿਚ ਆਪ ਦੁਖੀਆਂ ਦੇ ਦੁੱਖ ਦੂਰ ਕਰਣ ਲਈ ਪਰਿਵਾਰ ਸਮੇਤ ਫਿਰ ਪ੍ਰਚਾਰ ਦੌਰੇ ਤੇ ਚਲ ਪਏ। ਸਭ ਤੋਂ ਪਹਿਲਾਂ ਮਾਲਵੇ ਵਲ ਗਏ। ਘਨੌਲੀ, ਰੋਪੜ, ਨੌਲੱਖਾ ਆਦਿ ਪਿੰਡਾਂ ਤੋਂ ਹੁੰਦੇ ਹੋਏ ਮੂਲੋਵਾਲ ਪਹੁੰਚੇ। ਇਥੇ ਪੰਜ ਦਿਨ ਟਿਕਾਨਾ ਕੀਤਾ। ਫਿਰ ਕਈ ਪਿੰਡਾਂ ਵਿਚ ਹੁੰਦੇ ਹੋਏ ਸਾਬੋ ਕੀ ਤਲਵੰਡੀ ਪਹੁੰਚੇ। ਇਥੇ ਵੀ ਕਈ ਦਿਨ ਠਹਿਰੇ। ਫਿਰ ਕਈ ਪਿੰਡਾਂ ਵਿਚ ਹੁੰਦੇ ਹੋਏ ਧਮਤਾਨ ਪਹੁੰਚੇ। ਇਥੇ ਵੀ ਕਾਫੀ ਦਿਨ ਰੁਕੇ ਅਤੇ ਸੰਗਤਾਂ ਨੂੰ ਉਪਦੇਸ਼ ਦੇ ਕੇ ਸੁਚੇਤ ਕੀਤਾ। ਫਿਰ ਕੁਰਕਸ਼ੇਤਰ,ਕੈਥਲ,ਥਨੇਸਰ ਆਦਿ ਤੋਂ ਹੁੰਦੇ ਹੋਏ ਕੜਾ ਮਾਣਕਪੁਰ ਪਹੁੰਚੇ। ਇਥੇ ਪੰਜ ਦਿਨ ਰੁਕੇ। ਇਥੇ ਹੀ ਜੋਗੀਰਾਜ ਮਲੂਕਦਾਸ ਆਪ ਦਾ ਸ਼ਰਧਾਲੂ ਬਣਿਆ। ਆਪ ਦਿੱਲੀ ਵੀ ਗਏ । ਇਥੇ ਆਪ ਦਾ ਔਰੰਗਜ਼ੇਬ ਨਾਲ ਮੇਲ ਹੋਇਆ। ਉਸ ਨੂੰ ਉਸ ਦੇ ਫਰਜ਼ਾਂ ਪ੍ਰਤੀ ਸੁਚੇਤ ਕੀਤਾ। ਰਾਮਰਾਇ ਨੇ ਉਸ ਦੇ ਮਨ ਵਿਚ ਬਹੁਤ ਕੁਝ ਗਲਤ ਭਰਿਆ ਹੋਇਆ ਸੀ। ਗੁਰੂ ਜੀ ਨਾਲ ਵਿਚਾਰ ਸਾਂਝੇ ਕਰਦਿਆਂ ਔਰੰਗਜ਼ੇਬ ਦੇ ਸ਼ੰਕੇ ਤਾਂ ਸਭ ਦੂਰ ਹੋ ਗਏ ਪਰ ਉਸ ਦੇ ਮਨ ਵਿਚੋਂ ਖੋਟ ਨਾ ਗਈ। ਅੰਦਰ ਹੀ ਅੰਦਰ ਉਹ ਗੁਰੂ ਜੀ ਦੀ ਵਧਦੀ ਪ੍ਰਤਿਭਾ ਦੇਖ ਕੇ ਖਾਰ ਖਾਂਦਾ ਸੀ।

ਗੁਰੂ ਜੀ ਹੁਣ ਪੂਰਬ ਵਲ ਚਲ ਪਏ। ਆਪ ਜੀ ਮਥਰਾ, ਆਗਰਾ, ਕਾਨਪੁਰ ,ਬਨਾਰਸ, ਗਯਾ,ਕਾਂਸੀ ਆਦਿ ਤੋਂ ਹੁੰਦੇ ਹੋਏ ਬਿਹਾਰ ਪ੍ਰਾਂਤ

ਪਹੁੰਚੇ। ਜਿੱਥੇ ਜਿੱਥੇ ਵੀ ਪੜਾਅ ਕੀਤਾ,ਸੰਗਤਾਂ ਅਤੇ ਪ੍ਰਚਾਰ ਕੇਂਦਰ ਕਾਇਮ ਕਰਦੇ ਗਏ। ਆਪ ਉਨ੍ਹਾਂ ਸਭ ਜਗ੍ਹਾਵਾਂ ਉਤੇ ਗਏ ਜਿਥੇ ਗੁਰੂ ਨਾਨਕ ਦੇਵ ਜੀ ਪਹਿਲਾਂ ਗਏ ਸਨ। ਪਟਨਾ ਵਿਖੇ ਆਪ ਚਾਰ ਮਹੀਨੇ ਰੁਕੇ। ਪਰਿਵਾਰ ਨੂੰ ਇਥੇ ਛੱਡ ਕੇ ਆਪ ਅੱਗੇ ਆਸਾਮ ਵਲ ਚਲ ਪਏ। ਇਥੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਅਵਤਾਰ ਧਾਰਿਆ। ਮੁੰਗੇਰ, ਭਾਗਲਪੁਰ ਤੇ ਰਾਜ ਮਹਿਲ, ਮਾਲਦਾ ਮੁਰਸ਼ਿਦਾਬਾਦ ਤੋਂ ਹੋ ਕੇ ਢਾਕੇ ਪੁੱਜੇ। ਗੁਰੂ ਨਾਨਕ ਦੇਵ ਜੀ ਨੇ ਢਾਕੇ ਵਿਚ ਪ੍ਰਚਾਰ ਕੇਂਦਰ ਸਥਾਪਤ ਕੀਤਾ ਸੀ। ਉਸ ਤੋਂ ਬਾਦ ਕਿਸੇ ਗੁਰੂ ਸਾਹਿਬਾਨ ਨੂੰ ਇੱਧਰ ਆਣ ਦਾ ਮੌਕਾ ਨਹੀਂ ਮਿਲਿਆ ਸੀ। ਢਾਕੇ ਵਿਚ ਹੀ ਆਪ ਨੂੰ ਬਾਲ ਗੋਬਿੰਦ ਰਾਇ ਦੇ ਜਨਮ ਦੀ ਖਬਰ ਮਿਲੀ। ਆਪ ਜੀ ਨੇ ਸੰਗਤਾਂ ਦੇ ਨਾਮ ਹੁਕਮਨਾਮੇ ਭੇਜੇ ਅਤੇ ਬੱਚੇ ਦੀ ਪਾਲਣਾ ਪੋਸ਼ਨਾ ਵਾਸਤੇ ਖਾਸ ਹਦਾਇਤਾਂ ਦਿੱਤੀਆਂ। ਬੱਚੇ ਦਾ ਨਾਮ ਗੋਵਿੰਦ ਰਾਇ ਰੱਖਣ ਲਈ ਕਿਹਾ।

ਉੱਤਰੀ ਆਸਾਮ ਦੇ ਇਕ ਛੋਟੇ ਜਹੇ ਅਹੋਮ ਕਬੀਲੇ ਨੇ ਮੁਗਲ ਹਕੂਮਤ ਨਾਲ ਟੱਕਰ ਲਈ ਸੀ ਅਤੇ ਚੰਗੇ ਹੱਥ ਦਿਖਾਏ ਸਨ। ਇਸ ਲਈ ਰਾਜਾ ਰਾਮ ਸਿੰਘ ਨੂੰ ਔਰੰਗਜ਼ੇਬ ਨੇ ਉਥੋਂ ਦੇ ਰਾਜੇ ਤੋਂ ਬਦਲਾ ਲੈਣ ਲਈ ਭੇਜਿਆ। ਉਸ ਸਮੇਂ ਗੁਰੂ ਜੀ ਆਸਾਮ ਵਿਚ ਹੀ ਸਨ। ਰਾਜਾ ਰਾਮ ਸਿੰਘ ਆਪ ਜੀ ਦੇ ਦਰਸ਼ਨਾਂ ਨੂੰ ਆਇਆ। ਆਪ ਨੇ ਵਿਚ ਪੈ ਕੇ ਰਾਜਾ ਰਾਮ ਸਿੰਘ ਅਤੇ ਅਹੋਈ ਰਾਜੇ ਪ੍ਰਾਣਪਾਲ ਦੀ ਆਪਸ ਵਿਚ ਸੁਲਾਹ ਕਰਵਾ ਦਿੱਤੀ। ਆਪ ਨੇ ਉਨ੍ਹਾਂ ਨੂੰ ਸਮਝਾਇਆ ਕਿ ਯੁੱਧ ਧਰਮ ਹੇਤ ਜਾਂ ਗਰੀਬ ਦੀ ਰੱਖਿਆ ਲਈ ਹੀ ਕਰਣਾ ਚਾਹੀਦਾ ਹੈ,ਨਿੱਜ ਹਿਤ ਲਈ ਨਹੀਂ। ਆਪ ਨੇ ਸਮਝਾਇਆ ਕਿ ਈਰਖਾ ਅਤੇ ਨਫਰਤ ਦੀਆਂ ਜੰਗਾਂ ਵਿਚੋਂ ਕੁਝ ਨਹੀਂ ਨਿਕਲਦਾ। ਆਪ ਨੇ ਸਿੱਖਿਆ ਦਿੱਤੀ ਕਿ ਯੁੱਧ ਲਈ ਹਮੇਸ਼ਾਂ ਤਿਆਰ ਰਹੋ ਪਰ ਯੁੱਧ ਕਿਸੇ ਨੂੰ ਦਬਾਣ ਲਈ ਜਾਂ ਜ਼ੁਲਮ ਕਰਣ ਲਈ ਨਾ ਕੀਤਾ ਜਾਵੇ। ਸਿਰਫ ਧਰਮ ਅਤੇ ਆਨ ਦੀ ਰੱਖਿਆ ਲਈ ਹੀ ਯੁੱਧ ਕਰਨਾ ਜਾਇਜ਼ ਹੈ। ਹਰ ਜਗ੍ਹਾ ਜਿਥੇ ਵੀ ਜਾਂਦੇ, ਆਪਸੀ ਪ੍ਰੇਮ ਪਿਆਰ ਅਤੇ ਨਿਡਰਤਾ ਦਾ ਉਪਦੇਸ਼ ਦੇਂਦੇ। ਦੂਜਿਆਂ ਨੂੰ ਡਰਾਣਾ ਅਤੇ ਦੂਜੇ ਦੇ ਡਰ ਵਿਚ ਨਾ ਆਨ ਦੀ ਸਿੱਖਿਆ ਦੇਂਦੇ।

ਬਾਲ ਗੋਬਿੰਦ ਰਾਇ ਜੀ ਜਦੋਂ ਥੋੜ੍ਹੇ ਵੱਡੇ ਹੋਏ ਤਾਂ ਗੌਰਵ ਭਰੀਆਂ ਖੇਡਾਂ ਖੇਡਦੇ। ਰਾਹ ਜਾਂਦੇ ਨਵਾਬ ਜਾਂ ਫੌਜਦਾਰ ਨੂੰ ਸਲਾਮਾਂ ਨਾ ਕਰਦੇ ਸਗੋਂ ਮੂੰਹ ਚਿੜਾਉਂਦੇ। ਜੰਗੀ ਖੇਡਾਂ ਖੇਡਦੇ। ਇਹ ਦੇਖ ਕੇ ਪਟਨਾ ਸਾਹਿਬ ਦੀ ਸੰਗਤ ਚਿੰਤਾਤੁਰ ਹੋਈ ਕਿ ਕਿਤੇ ਹਾਕਮ ਬੱਚੇ ਨੂੰ ਸਜ਼ਾ ਨਾ ਦੇ ਦੇਣ। ਉਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਨੂੰ ਚਿੱਠੀ ਲਿੱਖ ਕੇ ਸਭ ਹਾਲਾਤ ਦੱਸੇ। ਸੰਗਤ ਨੇ ਬੱਚੇ ਨੂੰ ਸਮਝਾਣ ਲਈ ਵੀ ਬੇਨਤੀ ਕੀਤੀ। ਗੁਰੂ ਜੀ ਨੇ ਜੋ ਜਵਾਬ ਦਿੱਤਾ ਉਹ ਇਥੇ ਵਰਨਣਯੋਗ ਹੈ। ਗੁਰੁ ਪਿਤਾ ਨੇ ਸੰਗਤਾਂ ਨੂੰ ਜਵਾਬ ਭੇਜਿਆ :

ਜੋ ਗੋਬਿੰਦ ਕੀਆ ਭਲਾ ਕੀਆ
ਅੱਵਲ ਤੇ ਸਰਕਾਰੀ ਅਹਿਲਕਾਰ ਕੋ
ਸਲਾਮ ਨਹੀਂ ਕਹਿਣਾ
ਘਰ ਆਏ ਹੀ ਬੈਠੇ ਤਾਂ ਪਵਾਂਦੀ ਦੇਣੀ
ਸਿਰ੍ਹਾਂਦੀ ਨਹੀਂ।

ਇਹ ਕਹਿ ਕੇ ਉਹ ਅਪਨੇ ਸਪੁੱਤਰ ਨੂੰ ਵੀ ਨਿਡਰਤਾ ਦਾ ਉਪਦੇਸ਼ ਦੇ ਰਹੇ ਸਨ। ਆਪ ਜੀ ਦਾ ਤਾਂ ਮੰਤਵ ਹੀ ਸਭ ਨੂੰ ਨਿਡਰ ਬਣਾਉਣਾ ਸੀ। ਆਸਾਮ ਤੋਂ ਕਲਕੱਤੇ ਹੁੰਦੇ ਹੋਏ ਆਪ ਉੜੀਸਾ ਪਹੁੰਚੇ। ਇਥੇ ਆਪ ਨੂੰ ਖਬਰਾਂ ਪਹੁੰਚੀਆਂ ਕਿ ਔਰੰਗਜ਼ੇਬ ਦੀ ਤੁਅਸਬੀ ਨੀਤੀ ਕਾਰਨ ਜਨਤਾ ਉਤੇ ਬਹੁਤ ਅਤਿਆਚਾਰ ਹੋ ਰਹੇ ਹਨ। ਮੰਦਰ ਗੁਰਦਵਾਰੇ ਵੀ ਢਾਹੇ ਜਾ ਰਹੇ ਹਨ।

ਇਹ ਪਤਾ ਲਗਣ ਉਤੇ ਆਪ ਨੇ ਪੰਜਾਬ ਵਾਪਸ ਜਾਣ ਦਾ ਪ੍ਰੋਗਰਾਮ ਬਣਾ ਲਿਆ। ਕੱਟਕ ਭੁਵਨੇਸ਼ਵਰ ਆਦਿ ਥਾਵਾਂ ਤੋਂ ਹੁੰਦੇ ਹੋਏ ਪੰਜਾਬ ਵਾਪਸੀ ਉਤੇ ਜਾਂਦੇ ਹੋਏ ਇਕ ਵਾਰ ਫਿਰ ਪਟਨੇ ਆਏ। ਤਿੰਨ ਮਹੀਨੇ ਇਥੇ ਰਹੇ। ਪਰਚਾਰ ਕੀਤਾ। ਲੋਕਾਂ ਨੂੰ ਨਿਡਰਤਾ ਵਾਲੀ ਜੀਵਨ ਜਾਚ ਸਿਖਾਈ। ਫਿਰ ਪਰਿਵਾਰ ਨੂੰ ਉਥੇ ਹੀ ਛੱਡ ਕੇ ਗੁਰੂ ਜੀ ਪੰਜਾਬ ਵਾਪਸ ਚਲ ਪਏ।

ਕਈ ਸ਼ਹਿਰਾਂ ਤੋਂ ਹੁੰਦੇ ਹੋਏ ਵਾਪਸੀ ਉਤੇ ਫਿਰ ਦਿੱਲੀ ਪਹੁੰਚੇ। ਲਗਪਗ ਦੋ ਮਹੀਨੇ ਇਥੇ ਰੁਕੇ। ਸੰਗਤਾਂ ਨੂੰ ਉਪਦੇਸ਼ ਦਿੱਤਾ। ਜ਼ੁਲਮ

ਖਿਲਾਫ ਜੂਝਣਾ ਸਿਖਾਇਆ। ਸਿੱਖੀ ਦ੍ਰਿੜ ਕਰਵਾਈ। ਹਾਲਾਤ ਅਜਿਹੇ ਬਣ ਰਹੇ ਸਨ ਕਿ ਸੰਗਤਾਂ ਨੂੰ ਸੁਚੇਤ ਕਰਣਾ ਬਹੁਤ ਜ਼ਰੂਰੀ ਸੀ। ਇਥੇ ਹੀ ਤਾਂ ਜ਼ੁਲਮ ਦੇ ਖਿਲਾਫ ਆਪ ਨੇ ਕੁਰਬਾਨੀ ਦੇਣੀ ਸੀ। ਦੋ ਮਹੀਨੇ ਬਾਦ ਆਪ ਨੇ ਅਨੰਦਪੁਰ ਸਾਹਿਬ ਵਲ ਚਾਲੇ ਪਾਏ। ਰਸਤੇ ਵਿਚ ਕਈ ਜਗ੍ਹਾ ਪੜਾਅ ਕੀਤਾ ਤੇ ਸੰਗਤਾਂ ਨੂੰ ਉਪਦੇਸ਼ ਦੇ ਕੇ ਨਾਮ ਜਪਾ ਕੇ ਉਨ੍ਹਾਂ ਵਿਚ ਜੁਅਰਤ ਅਤੇ ਨਿਡਰਤਾ ਭਰਦੇ ਗਏ ਹੋਏ ਵਾਪਸ ਅਨੰਦਪੁਰ ਸਾਹਿਬ ਪਹੁੰਚੇ।

ਕੁਝ ਸਮੇਂ ਪਿਛੋਂ ਬਾਲ ਗੋਬਿੰਦ ਰਾਇ ਨੂੰ ਵੀ ਪਟਨੇ ਤੋਂ ਵਾਪਸ ਬੁਲਾ ਲਿਆ। ਕੁਝ ਮਹੀਨਿਆਂ ਵਿਚ ਮਾਤਾ ਜੀ ਅਤੇ ਬਾਲ ਗੋਬਿੰਦ ਰਾਇ ਜੀ ਅਨੰਦਪੁਰ ਆ ਗਏ।

ਮਾਲਵੇ ਦੀ ਫਿਰ ਪ੍ਰਚਾਰ ਫੇਰੀ : ਔਰੰਗਜ਼ੇਬ ਦੀ ਤੁਅਸਬੀ ਨੀਤੀ ਕਾਰਨ ਮਾਲਵੇ ਵਿਚ ਹਲਚਲ ਮੱਚ ਗਈ। ਆਪ ਜੀ ਨੇ ਇਕ ਵਾਰ ਫਿਰ ਇਥੋਂ ਦੇ ਪ੍ਰਸਿੱਧ ਨਗਰਾਂ ਦਾ ਫਿਰ ਦੌਰਾ ਕਰਣ ਦਾ ਫੈਸਲਾ ਕੀਤਾ। ਲੋਕਾਂ ਵਿਚ ਸਾਹਸ ਭਰਿਆ ਅਤੇ ਨਿਰਭੈਤਾ ਦਾ ਉਪਦੇਸ਼ ਦਿੱਤਾ। ਜੀਵਨ ਦਾ ਅਸਲ ਰਾਹ ਸਮਝਾਇਆ ਅਤੇ ਹੌਸਲਾ ਦਿੱਤਾ। ਸਿੱਖਾਂ ਨੂੰ ਜੀਵਨ ਮਨੋਰਥ ਸਮਝਾਂਦਿਆਂ ਆਪ ਜੀ ਕਿਹਾ ਕਰਦੇ ਸਨ : ਜੀਵਨ ਰਾਹ ਉਤੇ ਤੁਰਦੇ ਹੋਏ ਅਸੀਂ ਅਪਣੇ ਨੇੜੇ ਆਣ ਵਾਲਿਆਂ ਦਾ ਜੀਵਨ ਵੀ ਅਨੰਦਮਈ ਬਣਾਉਣਾ ਹੈ। ਖੁਸ਼ੀ ਵੰਡਨ ਵਿਚ ਹੈ, ਖੋਹਣ ਵਿਚ ਨਹੀਂ। ਜੀਵਨ ਦੇਣ ਵਿਚ ਹੈ, ਲੈਣ ਵਿਚ ਨਹੀਂ। ਚਾਹੀਦਾ ਇਹ ਹੈ ਕਿ ਸੱਚ ਦੇ ਰਾਹ ਉਤੇ ਟੁਰੀ ਜਾਈਏ ਅਤੇ ਬੁਰਾਈ ਦੇ ਟਾਕਰੇ ਤੇ ਡੱਟ ਕੇ ਖਲੋ ਜਾਈਏ। ਇਸ ਦੌਰੇ ਵਿਚ ਵੀ ਲਗਪਗ ਇਕ ਸਾਲ ਲਗਿਆ। ਇਨ੍ਹਾਂ ਯਾਤਰਾਵਾਂ ਦੌਰਾਨ ਆਪ ਨੇ ਦੇਸ਼ ਦੀ ਦੁਰਦਸ਼ਾ ਦੇਖੀ। ਦੁਰਦਸ਼ਾ ਦੇਖ ਕੇ ਆਪ ਇਸ ਸੋਚ ਵਿਚ ਰਹਿੰਦੇ ਕਿ ਸੰਕਟ ਦਾ ਹੱਲ ਕਿਵੇਂ ਕੀਤਾ ਜਾਵੇ। ਇਹ ਵੀ ਸੋਚਦੇ ਕਿ ਜੇ ਸਮੱਸਿਆ ਦਾ ਹੱਲ ਨਾ ਕੀਤਾ ਗਿਆ ਤਾਂ ਦੇਸ਼ ਦੀਆਂ ਸਭ ਨੈਤਿਕ

ਕਦਰਾਂ ਕੀਮਤਾਂ ਰੁਲ ਜਾਣਗੀਆਂ,ਅਤੇ ਧਰਮ ਦੀ ਬਹੁਤ ਹਾਨੀ ਹੋਵੇਗੀ। ਇਹ ਵਰਨਣਯੋਗ ਹੈ ਕਿ ਗੁਰੂ ਸਾਹਿਬਾਨ ਨੇ ਜੋ ਮਾਰਗ ਦਰਸਾਇਆ,ਉਹ ਸਿੱਧਾ ਸਾਦਾ,ਸੌਖਾ ਅਤੇ ਸਮਾਜਿਕ ਬਰਾਬਰੀ ਵਾਲਾ ਮਾਰਗ ਹੈ। ਇਹ ਮਾਰਗ ਸਭ ਧਰਮਾਂ ਦੇ ਲੋਕਾਂ ਨੂੰ ਆਕਰਸ਼ਿਤ ਕਰਦਾ ਹੈ। ਸਾਰੇ ਇਨਸਾਫਪਸੰਦ ਵਿਅਕਤੀ ਇਸ ਵਿਚਾਰਧਾਰਾ ਵਿਚ ਸ਼ਾਮਲ ਹੋ ਗਏ।

ਬਹੁਤ ਸਾਰੇ ਮੁਸਲਮਾਨ ਵੀ ਗੁਰੂ ਜੀ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋਏ ਅਤੇ ਗੁਰੂ ਸਾਹਿਬ ਦੇ ਸ਼ਰਧਾਲੂ ਬਣੇ। ਕੁਝ ਕੁ ਦੇ ਨਾਮ ਇਤਹਾਸ ਵਿਚ ਆਂਦੇ ਹਨ। ਨਵਾਬ ਸੈਫਦੀਨ ਜੋ ਕਸ਼ਮੀਰ ਦਾ ਨਵਾਬ ਸੀ,ਦੀ ਗੁਰੂ ਸਾਹਿਬ ਨਾਲ ਵਿਚਾਰ ਚਰਚਾ ਹੁੰਦੀ ਰਹਿੰਦੀ ਸੀ। ਪੂਰਬ ਤੋਂ ਵਾਪਸ ਆ ਕੇ ਗੁਰੂ ਜੀ ਨੇ ਜਦ ਮਾਲਵੇ ਦੀ ਪ੍ਰਚਾਰ ਫੇਰੀ ਕੀਤੀ ਤਾਂ ਉਨ੍ਹਾਂ ਨੇ ਸੈਫਾਬਾਦ,(ਜਿਸ ਨੂੰ ਅਜਕਲ ਬਹਾਦਰਗੜ੍ਹ ਕਿਹਾ ਜਾਂਦਾ ਹੈ), ਵਿਖੇ ਚੁਮਾਸਾ ਕੱਟਿਆ। ਸੈਫਦੀਨ ਉਥੇ ਹੀ ਰਹਿੰਦਾ ਸੀ। ਸੈਫਦੀਨ ਨਾਲ ਗੁਰੂ ਜੀ ਦਾ ਵਿਸ਼ੇਸ਼ ਪ੍ਰੇਮ ਸੀ।

ਨਵਾਬ ਸ਼ਾਇਸਤਾ ਖਾਨ ਜੋ ਢਾਕੇ ਦਾ ਨਵਾਬ ਸੀ,ਨਾਲ ਵੀ ਗੁਰੂ ਸਾਹਿਬ ਦਾ ਖਾਸ ਪ੍ਰੇਮ ਸੀ। ਬੰਗਾਲ ਵਿਚ ਤਾਂ ਆਮ ਮੁਸਲਿਮ ਲੋਕ ਵੀ ਬੜੀ ਗਿਣਤੀ ਵਿਚ ਗੁਰੂ ਜੀ ਦੇ ਸ਼ਰਧਾਲੂ ਸਨ। ਪਟਨੇ ਦੇ ਕਰੀਮ ਬਖਸ਼ ਅਤੇ ਰਹੀਮ ਬਖਸ਼ ਨਾਮੀ ਦੋ ਭਰਾਵਾਂ ਦਾ ਨਾਮ ਤਾਂ ਹਮੇਸ਼ਾਂ ਲਈ ਸਿੱਖ ਸੰਗਤ ਨੂੰ ਯਾਦ ਰਹੇਗਾ ਕਿਉਂਕਿ ਇਨ੍ਹਾਂ ਵਲੋਂ ਭੇਟਾ ਕੀਤੇ ਗਏ ਬਾਗ ਵਿਚ ਹੀ ਗੁਰੂ ਸਾਹਿਬ ਅਪਨੇ ਸਾਹਿਬਜ਼ਾਦੇ ਗੋਬਿੰਦ ਰਾਇ ਜੀ ਨੂੰ ਪਹਿਲੀ ਵਾਰ ਮਿਲੇ ਸਨ। ਇਸ ਬਾਗ ਦੇ ਦਰਸ਼ਨ ਤਾਂ ਸਿੱਖ ਸੰਗਤ ਹਰ ਰੋਜ਼ ਕਰਦੀ ਹੈ।

ਗੁਰੂ ਤੇਗ ਬਹਾਦਰ ਜੀ ਨੂੰ ਜਦੋਂ ਚਾਂਦਨੀ ਚੌਂਕ ਦੀ ਕੋਤਵਾਲੀ ਵਿਚ ਕੈਦ ਕੀਤਾ ਗਿਆ ਤਾਂ ਉਥੇ ਦਾ ਨਿਗਰਾਨ ਖਵਾਜਾ ਅਬਦੁੱਲਾ ਤਾਂ ਗੁਰੂ ਜੀ ਦਾ ਐਸਾ ਸ਼ਰਧਾਲੂ ਬਣ ਗਿਆ ਕਿ ਉਸ ਨੇ ਗੁਰੂ ਜੀ ਦੀ ਸ਼ਹੀਦੀ ਤੋਂ ਬਾਦ ਨੌਕਰੀ ਤੋਂ ਹੀ ਅਸਤੀਫਾ ਦੇ ਦਿੱਤਾ ਅਤੇ ਉਹ ਅਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਹੀ ਆ ਗਿਆ। ਚੰਡੀਗੜ੍ਹ ਦੇ ਨੇੜੇ ਪਿੰਡ ਨਾਭੇ ਦੇ

ਪੀਰ ਦਰਗਾਹੀ ਸ਼ਾਹ ਦਾ ਨਾਂ ਇਤਿਹਾਸ ਵਿਚੋਂ ਕਦੇ ਨਹੀਂ ਮਿਟ ਸਕਦਾ। ਜਦੋਂ ਭਾਈ ਜੈਤਾ ਜੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਦ ਉਨ੍ਹਾਂ ਦਾ ਸੀਸ ਲੈ ਕੇ ਅਨੰਦਪੁਰ ਸਾਹਿਬ ਜਾ ਰਹੇ ਸਨ ਤਾਂ ਇਕ ਰਾਤ ਉਨ੍ਹਾਂ ਨੇ ਨਾਭਾ ਪਿੰਡ ਵਿਖੇ ਮੁਸਲਮਾਨ ਪੀਰ ਦਰਗਾਹੀ ਸ਼ਾਹ ਦੀ ਕੁਟੀਆਂ ਵਿਚ ਬਿਤਾਈ ਸੀ। ਉਨ੍ਹਾਂ ਦਿਨਾਂ ਵਿਚ ਗੁਰੂ ਦੇ ਸਿੱਖ ਨੂੰ ਪਨਾਹ ਦੇਣਾ ਤਾਂ ਮੌਤ ਨੂੰ ਸੱਦਾ ਦੇਣ ਦੇ ਬਰਾਬਰ ਹੀ ਸੀ। ਇਹ ਫਕੀਰ ਗੁਰੂ ਜੀ ਦਾ ਬਹੁਤ ਸ਼ਰਧਾਲੂ ਸੀ।

ਔਰੰਗਜ਼ੇਬ ਦੀ ਤੁਅਸਬੀ ਨੀਤੀ ਦਾ ਸ਼ਿਕਾਰ ਤਾਂ ਸਾਰਾ ਹਿੰਦੁਸਤਾਨ ਹੀ ਹੋਇਆ । ਉਹ ਹਿੰਦੁਸਤਾਨ ਵਿਚ ਇਸਲਾਮ ਤੋਂ ਇਲਾਵਾ ਕਿਸੇ ਵੀ ਹੋਰ ਧਰਮ ਦੀ ਹੋਂਦ ਨੂੰ ਬਰਦਾਸ਼ਤ ਨਹੀਂ ਸੀ ਕਰਦਾ। ਉਸ ਨੇ ਦੀਨੀ ਝੰਡਾ ਚੁਕ ਲਿਆ ਅਤੇ ਜਹਾਦ ਦਾ ਐਲਾਨ ਕਰ ਦਿੱਤਾ। ਮੰਦਰ ਢਾਹੁਣੇ ਤਾਂ ਉਸ ਨੇ ਬਾਦਸ਼ਾਹ ਬਨਣ ਤੋਂ ਪਹਿਲਾਂ ਹੀ ਸ਼ੁਰੂ ਕਰ ਦਿੱਤੇ ਸਨ। ਤਖਤਨਸ਼ੀਨੀ ਤੋਂ ਬਾਦ ਤਾਂ ਉਸ ਨੇ ਅਤਿ ਹੀ ਚੁੱਕ ਲਈ ।

ਆਲੀਸ਼ਾਨ ਮੰਦਰ ਢਹਿ ਢੇਰੀ ਕਰ ਦਿੱਤੇ ਗਏ ਅਤੇ ਉਨ੍ਹਾਂ ਦੀ ਥਾਂ ਮਸੀਤਾਂ ਬਣਾ ਦਿੱਤੀਆਂ ਗਈਆਂ। ਉਸ ਦੇ ਤੁਅਸਬ ਦੇ ਅੱਗੇ ਵੱਡੇ ਵੱਡੇ ਜਰਵਾਣੇ ਭੈ ਖਾਂਦੇ ਸਨ।

ਬਨਾਰਸ ਅਤੇ ਕਈ ਹੋਰ ਥਾਵਾਂ ਉਤੇ ਹਿੰਦੂਆਂ ਨੇ ਪਾਠਸ਼ਾਲਾਵਾਂ ਬਣਾਈਆਂ ਹੋਈਆਂ ਸਨ। ਬਹੁਤ ਵਿਦਿਆਰਥੀ ਦੂਰ ਦੂਰ ਤੋਂ ਸਿੱਖਿਆ ਲੈਣ ਲਈ ਉਥੇ ਜਾਂਦੇ ਸਨ। ਔਰੰਗਜ਼ੇਬ ਨੇ ਤਖਤ ਉਤੇ ਬੈਠਦੇ ਹੀ ਫੁਰਮਾਨ ਜਾਰੀ ਕਰ ਦਿੱਤੇ ਕਿ ਇਹ ਪਾਠਸ਼ਾਲਾਵਾਂ ਢਾਹ ਦਿੱਤੀਆਂ ਜਾਣ। ਅਜਿਹਾ ਹੀ ਕੀਤਾ ਗਿਆ। ਉਥੇ ਕਰਾਈ ਜਾਂਦੀ ਪੜ੍ਹਾਈ ਲਿਖਾਈ ਬੰਦ ਹੀ ਕਰਵਾ ਦਿੱਤੀ ਗਈ।

ਹਿੰਦੂਆਂ ਲਈ ਆਰਥਿਕ ਔਕੜਾਂ ਵੀ ਪੈਦਾ ਕੀਤੀਆਂ। ਚੁੰਗੀ ਹਿੰਦੂਆਂ ਲਈ ਦੁਗਣੀ ਕਰ ਦਿੱਤੀ ਗਈ। ਹਿੰਦੂਆਂ ਨੂੰ ਨੌਕਰੀਆਂ ਤੋਂ ਕੱਢ ਦਿੱਤਾ ਗਿਆ। ਉਸ ਨੇ ਗੁਰੂ ਘਰ ਦੇ ਮਸੰਦਾਂ ਨੂੰ ਵੀ ਤੰਗ ਕਰਣਾ ਸ਼ੁਰੂ ਕਰ ਦਿੱਤਾ।

ਸਮਾਜਕ ਪੱਖ ਉਤੇ ਵੀ ਹਿੰਦੂਆਂ ਉਤੇ ਕਈ ਤਰ੍ਹਾਂ ਦੀਆਂ ਬੰਦਸ਼ਾਂ ਲਗਾਈਆਂ ਗਈਆਂ। ਰਾਗ ਦੀ ਮਨਾਹੀ ਕਰ ਦਿੱਤੀ ਗਈ। ਹਿੰਦੂਆਂ ਲਈ ਦਾੜੀ ਦੀ ਲੰਬਾਈ ਨਿਯਤ ਕਰ ਦਿੱਤੀ ਗਈ। ਵਧੇਰੇ ਲੰਬੀ ਦਾੜ੍ਹੀ ਰੱਖਣ ਵਾਲੇ

ਨੂੰ ਸਜ਼ਾ ਦਿੱਤੀ ਜਾਂਦੀ। ਸੰਖੇਪ ਵਿਚ ਹਿੰਦੂਆਂ ਲਈ ਤਾਂ ਜੀਣਾ ਹੀ ਔਖਾ ਹੋ ਗਿਆ। ਡਰ ਵਿਚ ਆ ਕੇ ਬਹੁਤ ਸਾਰੇ ਹਿੰਦੂ ਅਪਣਾ ਧਰਮ ਛੱਡਣ ਲਗ ਪਏ ਤੇ ਮੁਸਲਮਾਨ ਬਨਣ ਲਗ ਪਏ । ਭਾਵੇਂ ਬਹੁਤ ਜਗਾਵਾਂ ਤੇ ਬਗਾਵਤਾਂ ਵੀ ਹੋਈਆਂ ਪਰ ਕਿਸੇ ਦੀ ਕੋਈ ਪੇਸ਼ ਨਹੀਂ ਜਾ ਰਹੀ ਸੀ। ਬਹੁਤ ਸਾਰੇ ਚੰਗੇ ਮੁਸਲਮਾਨ ਵੀ ਉਸ ਦੀਆਂ ਨੀਤੀਆਂ ਨੂੰ ਪਸੰਦ ਨਹੀਂ ਕਰਦੇ ਸਨ। ਵਿਰੋਧ ਵਿਚ ਬੋਲਦੇ ਵੀ ਸਨ ਪਰ ਕਿਸੇ ਦੀ ਵੀ ਕੋਈ ਪੇਸ਼ ਨਹੀਂ ਜਾਂਦੀ ਸੀ। ਔਰੰਗਜ਼ੇਬ ਬਹੁਤ ਪੱਥਰ ਦਿਲ ਅਤੇ ਜ਼ਾਲਮ ਵਿਅਕਤੀ ਸੀ। ਉਸ ਨੇ ਤਾਂ ਅਪਣੇ ਸੱਕੇ ਪਿਓ, ਭਰਾ ਅਤੇ ਭੈਣ ਨੂੰ ਵੀ ਨਹੀਂ ਸੀ ਬਖਸ਼ਿਆ। ਅਪਣੇ ਵੱਡੇ ਪੁੱਤਰ ਅਤੇ ਧੀ ਨੂੰ ਵੀ ਮਰਵਾ ਦਿੱਤਾ ਸੀ।

ਗੁਰੂ ਸਾਹਿਬ ਇਹ ਸਭ ਹਾਲਾਤ ਦੇਖ ਕੇ ਸੋਚਦੇ ਕਿ ਜ਼ੁਲਮ ਨੂੰ ਠਲ੍ਹ ਪਾਣਾ ਬਹੁਤ ਜ਼ਰੂਰੀ ਹੈ। ਗੱਲਾਂ ਗੱਲਾਂ ਵਿਚ ਕਈ ਵਾਰ ਇਹ ਵੀ ਕਿਹਾ ਕਰਦੇ ਸਨ ਕਿ ਜ਼ੁਲਮ ਨੂੰ ਠੱਲ੍ਹ ਪਾਣ ਲਈ ਸੀਸ ਦੇਣ ਦੀ ਲੋੜ ਹੈ। ਪ੍ਰਚਾਰ ਦੌਰਿਆਂ ਦੌਰਾਨ ਵੀ ਲੋਕਾਂ ਨੂੰ ਸੁਚੇਤ ਕਰਦੇ । ਮੌਤ ਦਾ ਡਰ ਮਨਾਂ ਵਿਚੋਂ ਕੱਢਦੇ। ਨਾ ਡਰੋ ਤੇ ਨਾ ਡਰਾਓ ਦਾ ਉਪਦੇਸ਼ ਦ੍ਰਿੜ ਕਰਵਾਂਦੇ।

<u>ਅਨੰਦਪੁਰ ਸਾਹਿਬ ਤੋਂ ਦੂਜੀ ਵਾਰ ਪ੍ਰਚਾਰ ਫੇਰੀ :</u> ਕਸ਼ਮੀਰੀ ਪੰਡਤਾਂ ਕੋਲੋਂ ਔਰੰਗਜ਼ੇਬ ਦੇ ਜ਼ੁਲਮਾਂ ਨਾਲ ਸਤਾਈ ਜਨਤਾ ਦੇ ਦੁੱਖਾਂ ਦੀ ਵਾਰਤਾ ਸੁਣੀ ਤਾਂ ਆਪ ਜੀ ਨੇ ਹਾਲਾਤ ਦੀ ਨਜ਼ਾਕਤ ਦੇਖਦੇ ਹੋਏ ਫਿਰ ਯਾਤਰਾ ਅਰੰਭੀ। ਜਾਣ ਤੋਂ ਪਹਿਲਾਂ ਗੁਰ ਗੱਦੀ ਦੀ ਜ਼ੁਮੇਵਾਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸੌਂਪ ਦਿੱਤੀ। ਆਪ ਨੇ ਪੰਜ ਸਿੱਖਾਂ ਨੂੰ ਨਾਲ ਲਿਆ। ਸਹਿਮੀ ਹੋਈ ਜਨਤਾ ਨੂੰ ਡਰ ਤੋਂ ਅਜ਼ਾਦ ਕਰਨ ਲਈ ਫਿਰ ਪਰਚਾਰ ਲਈ ਚਲ ਪਏ। ਕੀਰਤਪੁਰ ਸਾਹਿਬ ਤੋਂ ਹੁੰਦੇ ਹੋਏ ਰੋਪੜ ਪਹੁੰਚੇ। ਪਿੰਡ ਪਿੰਡ ਦਾ ਦੌਰਾ ਕੀਤਾ। ਸੰਗਤਾਂ ਹੁੰਮ ਹੁਮਾ ਕੇ ਪਹੁੰਚਦੀਆਂ। ਸਭ ਜਗ੍ਹਾ ਸੰਗਤਾਂ ਨੂੰ ਆਣ ਵਾਲੇ ਹਾਲਾਤਾਂ ਪ੍ਰਤੀ ਸੁਚੇਤ ਕਰਦੇ ਗਏ। ਹਾਲਾਤ ਦਾ ਟਾਕਰਾ ਕਰਣ ਲਈ ਜੁਅਰਤ ਭਰਦੇ। ਫਿਰ ਸੈਫਾਬਾਦ ਗਏ। ਪਟਿਆਲੇ ਤੋਂ ਸਮਾਣੇ ਅਤੇ ਕਈ ਪਿੰਡਾਂ ਵਿਚੋਂ ਹੁੰਦੇ ਹੋਏ ਆਗਰੇ ਪਹੁੰਚੇ। ਇਸ ਦੌਰੇ ਦੌਰਾਨ ਵੀ ਆਪ ਨੇ ਸੰਗਤਾਂ ਨੂੰ ਨਿਰਭੈਤਾ ਅਤੇ ਕੁਰਬਾਨੀ ਦਾ ਉਪਦੇਸ਼ ਜਗ੍ਹਾ ਜਗ੍ਹਾ ਤੇ ਪਿੰਡ ਪਿੰਡ ਜਾ ਜਾ ਕੇ ਦਿੱਤਾ। ਇਸ ਨਾਲ ਲੋਕਾਂ ਵਿਚ ਤਬਦੀਲੀ ਆ ਰਹੀ ਸੀ। ਇਹ ਹੀ ਸਮੇਂ ਦੀ ਲੋੜ ਸੀ।

## ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ ਦੀ ਦ੍ਰਿੜਤਾ

### ਅਦੁੱਤੀ ਸ਼ਹੀਦੀ

ਭਾਵੇਂ ਸਾਰਾ ਹਿੰਦੁਸਤਾਨ ਹੀ ਔਰੰਗਜ਼ੇਬ ਦੇ ਜ਼ੁਲਮਾਂ ਦਾ ਸ਼ਿਕਾਰ ਸੀ ਪਰ ਉਸ ਨੇ ਕਸ਼ਮੀਰ ਨੂੰ ਖਾਸ ਨਿਸ਼ਾਨਾ ਬਣਾਇਆ ਕਿਉਂ ਕਿ ਇਥੇ ਵਿਦਵਾਨ ਪੜ੍ਹੇ ਲਿਖੇ ਪੰਡਤ ਰਹਿੰਦੇ ਸਨ। ਇਹ ਬਾਹਮਣ ਵਿਦਵਾਨ ਸਨ ਅਤੇ ਬਾਕੀ ਹਿੰਦੂਆਂ ਨੂੰ ਵਿਦਿਆ ਦੇਂਦੇ ਸਨ। ਇਸ ਲਈ ਉਸ ਨੇ ਸਭ ਤੋਂ ਪਹਿਲਾਂ ਕਸ਼ਮੀਰ ਦੇ ਬਾਹਮਣਾਂ ਨੂੰ ਮੁਸਲਮਾਨੀ ਦਾਇਰੇ ਵਿਚ ਲਿਆਣਾ ਚਾਹਿਆ ਅਤੇ ਕਸ਼ਮੀਰ ਦੇ ਹਿੰਦੂ ਪੰਡਤਾਂ ਨੂੰ ਨਿਸ਼ਾਨਾ ਬਣਾਇਆ। ਉਸ ਦਾ ਖਿਆਲ ਸੀ ਕਿ ਜੇ ਕਸ਼ਮੀਰੀ ਪੰਡਤ ਦੀਨੇ ਇਸਲਾਮ ਵਿਚ ਆ ਜਾਣ ਤਾਂ ਬਾਕੀ ਹਿੰਦੂਆਂ ਨੂੰ ਦੀਨ ਵਿਚ ਲਿਆਣਾ ਬਹੁਤ ਸੌਖਾ ਹੋਵੇਗਾ। ਉਥੋਂ ਦੇ ਸੂਬੇਦਾਰ ਸ਼ੇਰ ਅਫਗਾਨ ਖਾਂ ਨੇ ਔਰੰਗਜ਼ੇਬ ਦੇ ਹੁਕਮ ਉਤੇ ਕਸ਼ਮੀਰ ਦੇ ਹਿੰਦੂਆਂ ਉਤੇ ਬਹੁਤ ਜ਼ੁਲਮ ਕਰਣੇ ਸ਼ੁਰੂ ਕਰ ਦਿੱਤੇ। ਤਲਵਾਰ ਦੇ ਜ਼ੋਰ ਨਾਲ ਉਨ੍ਹਾਂ ਨੂੰ ਮੁਸਲਮਾਨ ਬਣਾਉਣਾ ਸ਼ੁਰੂ ਕੀਤਾ।

ਕਸ਼ਮੀਰੀ ਪੰਡਤ ਉਸ ਦੇ ਤਸ਼ੱਦਦ ਤੋਂ ਬਹੁਤ ਤੰਗ ਆ ਗਏ। ਕਸ਼ਮੀਰ ਦੇ ਪੰਡਤ ਕ੍ਰਿਪਾ ਰਾਮ ਜੀ ਗੁਰੂ ਘਰ ਦੇ ਪੁਰਾਣੇ ਵਾਕਫ ਸਨ । ਗੁਰੂ ਨਾਨਕ ਦੇਵ ਜੀ ਇਨ੍ਹਾ ਦੇ ਪੜਦਾਦਾ ਬ੍ਰਹਮਦਾਸ ਨੂੰ ਮੱਟਣ ਵਿਚ ਕਸ਼ਮੀਰ ਫੇਰੀ ਦੌਰਾਨ ਮਿਲੇ ਸਨ। ਕ੍ਰਿਪਾ ਰਾਮ ਜੀ ਨੂੰ ਪਤਾ ਸੀ ਕਿ ਉਨ੍ਹਾਂ ਦੀ ਥਾਂ ਅਜ ਕਲ ਨੌਵੇਂ ਪਾਤਸ਼ਾਹ ਗੁਰੁ ਤੇਗ ਬਹਾਦਰ ਜੀ ਹਨ। ਉਸ ਨੂੰ ਇਹ ਵੀ ਪਤਾ ਸੀ ਕਿ ਗੁਰੂ ਤੇਗ ਬਹਾਦਰ ਜੀ ਵੀ ਗੁਰੂ ਨਾਨਕ ਦੇਵ ਜੀ ਵਾਂਗ ਸਭ ਨੂੰ ਨਿਰਭਉ ਹੋਣ ਦਾ ਉਪਦੇਸ਼ ਦੇ ਰਹੇ ਹਨ। ਪੰਡਤ ਜੀ ਇਹ ਵੀ ਜਾਣਦੇ ਸਨ ਕਿ ਗੁਰੂ ਜੀ ਦੇਸ਼ ਦੀ ਅਜੋਕੀ ਦੁਰਦਸ਼ਾ ਤੋਂ ਬਹੁਤ ਚਿੰਤਤ ਹਨ। ਉਨ੍ਹਾਂ ਨੂੰ ਪਤਾ ਸੀ ਕਿ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਵੀ ਅਣਖ ਦੀ ਰਾਖੀ ਲਈ ਜੂਝਦੇ ਰਹੇ ਸਨ। ਇਸ ਲਈ ਕ੍ਰਿਪਾ ਰਾਮ ਜੀ ਨੇ ਕਸ਼ਮੀਰ ਦੇ ਹਿੰਦੂਆਂ ਨੂੰ ਸਲਾਹ ਦਿੱਤੀ ਕਿ ਸਾਨੂੰ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿਚ ਜਾਣਾ ਚਾਹੀਦਾ ਹੈ। ਉਸ ਦੀ ਸਲਾਹ ਮੰਨ ਕੇ ਕਸ਼ਮੀਰ ਦੇ ਹਿੰਦੂ ਪੰਡਤ ਕ੍ਰਿਪਾ ਰਾਮ ਜੀ ਦੀ ਅਗਵਾਈ ਵਿਚ ਗੁਰੁ ਤੇਗ ਬਹਾਦਰ ਜੀ ਕੋਲ ਅਨੰਦਪੁਰ ਪੁਜੇ। ਉਨ੍ਹਾਂ ਨੇ ਗੁਰੂ ਸਾਹਿਬ ਨੂੰ ਸਾਰੇ ਹਾਲਾਤ ਦੱਸੇ ਅਤੇ ਬੇਨਤੀ ਕੀਤੀ ਕਿ ਭਾਰਤ ਦੇ ਲੋਕਾਂ ਦੇ ਧਰਮ ਦੀ ਰਾਖੀ ਕਰੋ। ਬਾਹਮਨਾਂ ਦੀ ਗੱਲ ਸੁਣ ਕੇ ਗੁਰੂ ਜੀ ਨੇ ਜਵਾਬ ਦਿੱਤਾ "ਬਿਨ ਸਿਰ ਦੀਏ ਜਗਤ ਦੁਖ ਪਾਈ"। ਜ਼ੁਲਮ ਨੂੰ ਖਤਮ ਕਰਣ ਲਈ ਸੀਸ ਦੇਣਾ ਪਵੇਗਾ। ਆਪ ਨੇ ਸ਼ਰਨ ਆਏ ਬਾਹਮਣਾਂ ਦੀ ਬਾਂਹ ਫੜੀ। ਔਰੰਗਜ਼ੇਬ ਦੀ ਮਨੁੱਖੀ ਅਧਿਕਾਰਾਂ

ਦੇ ਘਾਣ ਦੀ ਤੁਅਸਬੀ ਨੀਤੀ ਨੂੰ ਖਤਮ ਕਰਣ ਹਿਤ ਅਤੇ ਧਰਮ ਦੀ ਅਜ਼ਾਦੀ ਬਹਾਲ ਕਰਣ ਲਈ ਗੁਰੂ ਜੀ ਨੇ ਅਪਣਾ ਸੀਸ ਕੁਰਬਾਨ ਕਰਨ ਦਾ ਫੈਸਲਾ ਕਰ ਲਿਆ। ਕਸ਼ਮੀਰੀ ਪੰਡਤਾਂ ਨੂੰ ਮਦਦ ਦਾ ਭਰੋਸਾ ਦਿੱਤਾ। ਉਨ੍ਹਾਂ ਨੂੰ ਅਪਨੇ ਧਰਮ ਵਿਚ ਦ੍ਰਿੜ ਰਹਿਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਨੂੰ ਕਿਹਾ ਤੁਸੀਂ ਔਰੰਗਜ਼ੇਬ ਨੂੰ ਕਹਿ ਦਿਓ ਜੇ ਸਾਡੇ ਗੁਰੂ ਤੇਗ ਬਹਾਦਰ ਜੀ ਮੁਸਲਮਾਨ ਹੋ ਜਾਣ ਤਾਂ ਅਸੀਂ ਸਾਰੇ ਮੁਸਲਮਾਨ ਬਣ ਜਾਵਾਂਗੇ।

ਹਾਲਾਤ ਸਾਫ ਸਨ। ਕੁਰਬਾਨੀ ਤਾਂ ਦੇਣੀ ਹੀ ਪੈਣੀ ਸੀ। ਆਪ ਨੇ ਜੁਲਾਈ 1675 ਵਿਚ ਗੁਰਗੱਦੀ ਸਾਹਿਬਜ਼ਾਦੇ ਗੋਬਿੰਦ ਰਾਇ ਜੀ ਨੂੰ ਸੌਂਪ ਦਿੱਤੀ।

ਆਪ ਨੇ ਪੰਜ ਸਿੱਖਾਂ ਨੂੰ ਨਾਲ ਲਿਆ ਤੇ ਦਿੱਲੀ ਵਲ ਚਲ ਪਏ। ਸਹਿਮੀ ਹੋਈ ਜਨਤਾ ਨੂੰ ਡਰ ਤੋਂ ਅਜ਼ਾਦ ਕਰਨ ਲਈ ਪਿੰਡ ਪਿੰਡ ਦਾ ਦੌਰਾ ਕੀਤਾ। ਸੰਗਤਾਂ ਹੁੰਮ ਹੁਮਾ ਕੇ ਪਹੁੰਚਦੀਆਂ। ਸੰਗਤਾਂ ਨੂੰ ਆਣ ਵਾਲੇ ਹਾਲਾਤਾਂ ਪ੍ਰਤੀ ਸੁਚੇਤ ਕਰਦੇ ਗਏ। ਹਾਲਾਤ ਦਾ ਟਾਕਰਾ ਕਰਣ ਲਈ ਜੁਅਰਤ ਭਰਦੇ। ਇਸ ਨਾਲ ਲੋਕਾਂ ਵਿਚ ਤਬਦੀਲੀ ਆ ਰਹੀ ਸੀ। ਇਹ ਹੀ ਸਮੇਂ ਦੀ ਲੋੜ ਸੀ। ਕਈ ਪਿੰਡਾਂ ਵਿਚੋਂ ਹੁੰਦੇ ਹੋਏ ਆਗਰੇ ਪਹੁੰਚੇ। ਔਰੰਗਜ਼ੇਬ ਗੁਰੂ ਸਾਹਿਬ ਨੂੰ ਮੁਸਲਮਾਨੀ ਦਾਇਰੇ ਵਿਚ ਲਿਆਣਾ ਚਾਂਹਦਾ ਸੀ। ਕਸ਼ਮੀਰੀ ਪੰਡਤਾਂ ਨੇ ਵੀ ਕਹਿ ਦਿੱਤਾ ਕਿ ਜੇ ਗੁਰੂ ਤੇਗ ਬਹਾਦਰ ਜੀ ਮੁਸਲਮਾਨ ਬਣ ਜਾਣਗੇ ਤਾਂ ਅਸੀਂ ਸਾਰੇ ਵੀ ਮੁਸਲਮਾਨ ਬਣ ਜਾਵਾਂਗੇ। ਔਰੰਗਜ਼ੇਬ ਨੇ ਲਾਹੌਰ ਦੇ ਹਾਕਮ ਨੂੰ ਹੁਕਮ ਦਿੱਤਾ ਕਿ ਗੁਰੂ ਜੀ ਨੂੰ ਗ੍ਰਿਫਤਾਰ ਕਰ ਲਿਆ ਜਾਵੇ।

ਉਸ ਸਮੇਂ ਗੁਰੂ ਜੀ ਆਗਰੇ ਵਿਚ ਸਨ। ਸਿੰਘਾਂ ਸਮੇਤ ਆਪ ਨੂੰ ਗ੍ਰਿਫਤਾਰ ਕਰ ਕੇ ਦਿੱਲੀ ਲਿਜਾਇਆ ਗਿਆ। ਗੁਰੂ ਜੀ ਨੂੰ ਦਿੱਲੀ ਵਿਖੇ ਦਰਬਾਰ ਵਿਚ ਪੇਸ਼ ਕੀਤਾ ਗਿਆ। ਭਰੇ ਦਰਬਾਰ ਵਿਚ ਗੁਰੂ ਜੀ ਨੇ ਸਭ ਨੂੰ ਨਿਰਭੈਤਾ ਨਾਲ ਸੱਚਾ ਉਪਦੇਸ਼ ਦਿੱਤਾ। ਉਨ੍ਹਾਂ ਨੇ ਦੱਸਿਆ ਕਿ ਰੱਬ ਦੇ ਘਰ ਜਾਣ ਲਈ ਕਈ ਰਾਹ ਹਨ। ਸਿਰਫ ਇੱਕੋ ਮੁਸਲਮਾਨੀ ਦਾ ਰਾਹ ਹੀ ਨਹੀਂ। ਉਨ੍ਹਾਂ ਨੇ ਇਹ ਵੀ ਕਿਹਾ ਕਿ ਤੁਸੀਂ ਦੋ ਰਾਹਾਂ ਦਾ ਇਕ ਰਾਹ ਕਰਣਾ ਚਾਂਹਦੇ ਹੋ ਪਰ ਰੱਬ ਨੂੰ ਤਾਂ ਤਿੰਨ ਰਾਹ ਪਸੰਦ ਹਨ। ਇਸ਼ਾਰਾ ਖਾਲਸਾ ਪੰਥ ਵਲ ਸੀ। ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਸੱਚੇ ਮੁਸਲਮਾਨ ਨਹੀਂ ਹੋ। ਸੁੰਨਤ ਕਰਣ ਨਾਲ ਹੀ ਮੁਸਲਮਾਨ ਨਹੀਂ ਬਣਿਆ ਜਾਂਦਾ। ਸਭ ਤੋਂ ਵੱਡੀ ਗਲ ਤਾਂ ਕਰਣੀ ਦੀ ਹੈ। ਆਪ ਨੂੰ ਕਰਾਮਾਤ ਦਿਖਾਣ ਲਈ ਵੀ ਕਿਹਾ ਗਿਆ ਪਰ ਆਪ ਨੇ ਪ੍ਰਵਾਨ ਨਹੀਂ ਕੀਤਾ। ਆਪ ਨੇ ਕਿਹਾ ਕਰਾਮਾਤ ਦਿਖਾਣਾ ਰੱਬ ਦੀ ਰਜ਼ਾ ਵਿਚ ਦਖਲ ਦੇਣਾ ਹੈ। ਸਾਈਂ ਦੇ ਲੋਕ ਸਾਈਂ ਦੇ ਭਾਣੇ ਵਿਚ ਚਲਦੇ ਹਨ।

ਆਪ ਜੀ ਨੂੰ ਬਹੁਤ ਤਸੀਹੇ ਦਿੱਤੇ ਗਏ। ਆਪ ਜੀ ਦੇ ਨਾਲ ਆਏ ਸਿੰਘਾਂ ਨੂੰ ਵੀ ਆਪ ਦੇ ਸਾਹਮਣੇ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਆਪ ਬਿਲਕੁਲ ਨਾ ਘਬਰਾਏ ਤੇ ਨਾ ਹੀ ਕਿਸੇ ਡਰ ਜਾਂ ਲਾਲਚ ਵਿਚ ਆਏ। ਅੰਤ ਵਿਚ ਧਾਰਮਿਕ ਅਜ਼ਾਦੀ ਅਤੇ ਨਿਰਭੈਤਾ ਦੀ ਮੂਰਤ ਦਾ 11 ਨਵੰਬਰ 1675 ਨੂੰ ਸੀਸ ਕਲਮ ਕਰ ਦਿੱਤਾ ਗਿਆ। ਮਨੁੱਖੀ ਅਧਿਕਾਰਾਂ ਦੀ ਰਾਖੀ ਅਤੇ ਧਰਮ ਦੀ ਅਜ਼ਾਦੀ ਲਈ ਆਪ ਸ਼ਹੀਦ ਹੋ ਗਏ। ਸਰੀਰ ਰੂਪੀ ਠੀਕਰਾ ਔਰੰਗਜ਼ੇਬ ਦੇ ਸਿਰ ਭੰਨ ਦਿੱਤਾ। ਸਰੀਰ ਰੂਪੀ ਚਾਦਰ ਨਾਲ ਸਾਰੇ ਸੰਸਾਰ ਦੀ ਇਜ਼ਤ ਢੱਕ ਲਈ। ਸੀਸ ਦੇ ਕੇ ਆਂਪ ਨੇ ਤਿਲਕ, ਜੰਜੂ ਅਤੇ ਮੰਦਰ ਬਚਾ ਲਏ। ਗੁਰੂ ਗੋਬਿੰਦ ਸਿੰਘ ਜੀ ਦਾ ਪਾਵਨ ਫੁਰਮਾਨ ਹੈ :

"ਠੀਕਰ ਫੋਰ ਦਿਲੀਸ ਸਿਰ, ਪ੍ਰਭ ਪੁਰ ਕੀਆ ਪਯਾਨ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂ ਆਨ"॥

ਗੁਰੂ ਜੀ ਦੀ ਸ਼ਹੀਦੀ ਨਾਲ ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ। ਆਪ ਜੀ ਦੀ ਸ਼ਹੀਦੀ ਦਿੱਲੀ ਵਿਚ ਧਾਰਮਿਕ ਅਤੇ ਸਮਾਜਿਕ ਸੁਤੰਤਰਤਾ ਦੇ ਸੱਚ ਦਾ ਇਕ ਤੂਫਾਨ ਹੀ ਲੈ ਆਈ। ਗੁਰੂ ਜੀ ਚਾਹੁੰਦੇ ਤਾਂ ਸ਼ਹੀਦੀ ਬਚ ਸਕਦੀ ਸੀ ਪਰ ਗੁਰੂ ਜੀ ਨੇ ਅਜਿਹਾ ਨਹੀਂ ਕੀਤਾ। ਜ਼ੁਲਮ ਦਾ ਸਰਵਨਾਸ਼ ਕਰਣ ਲਈ ਸਰੀਰ ਰੂਪੀ ਠੀਕਰਾ ਭੰਨਣਾ ਹੀ ਪੈਣਾ ਸੀ। ਅੰਤ ਸੱਚ ਦੀ ਜਿੱਤ ਹੋਈ। ਸੱਚ ਮੌਤ ਤੋਂ ਨਹੀਂ ਡਰਦਾ। ਇਸ ਮੌਤ ਵਿਚ ਹੀ ਅਸਲ ਜ਼ਿੰਦਗੀ ਸੀ। ਸੱਚ ਨਾ ਡਰਦਾ ਹੈ ਤੇ ਨਾ ਹੀ ਕਿਸੇ ਨੂੰ ਡਰਾਂਦਾ ਹੈ। ਸੱਚ ਹਰ ਹਾਲਤ ਵਿਗਾਸ ਵਿਚ ਹੀ ਰਹਿੰਦਾ ਹੈ। ਦੁੱਖ ਸੁੱਖ ਨੂੰ ਨਹੀ ਕਬੂਲ ਕਰਦਾ। ਜਦੋਂ ਔਰੰਗਜ਼ੇਬ ਨੇ ਕਰਾਮਾਤ ਦਿਖਾਣ ਲਈ ਕਿਹਾ ਸੀ ਤਾਂ ਆਪ ਨੇ ਉਸ ਨੂੰ ਕਿਹਾ ਸੀ ਕਿ ਮੈਂ ਇਕ ਕਰਾਮਾਤ ਤੈਨੂੰ ਦਿਖਾਵਾਂਗਾ। ਤੂੰ ਦੇਂਖੇਂਗਾ ਕਿ ਤੇਰੀ ਤੇਗ ਮੇਰਾ ਸੀਸ ਕੱਟ ਨਹੀਂ ਸਕੇਗੀ। ਇਸ ਦਾ ਮਤਲਬ ਸੀ ਕਿ ਗੁਰੂ ਜੀ ਦੀ ਵਿਚਾਰਧਾਰਾ ਕਦੇ ਵੀ ਕੱਟੀ ਨਹੀਂ ਜਾ ਸਕੇਗੀ। ਸਰੀਰਕ ਸ਼ਹੀਦੀ ਤੋਂ ਬਾਦ ਗੁਰੂ ਸਾਹਿਬ ਦੀ ਵਿਚਾਰਧਾਰਾ ਗੁਰੂ ਗੋਬਿੰਦ ਸਾਹਿਬ ਦੇ ਰੂਪ ਵਿਚ ਅਤੇ ਖਾਲਸਾ ਪੰਥ ਦੇ ਰੂਪ ਵਿਚ ਹਮੇਸ਼ਾਂ ਲਈ ਜ਼ਿੰਦਾ ਰਹੇਗੀ। ਅਜਿਹਾ ਹੀ ਹੋਇਆ। ਆਪ ਜੀ ਦੀ ਸ਼ਹੀਦੀ ਤੋਂ ਬਾਦ ਸਿਦਕ ਦਾ ਇਕ ਬਹੁਤ ਵੱਡਾ ਤੂਫਾਨ ਉਠਿਆ। ਗੁਰੂ ਜੀ ਦੇ ਸਿੱਖ ਬਿਲਕੁਲ ਨਾ ਡਰੇ। ਗੁਰੂ ਜੀ ਦਾ ਧੜ ਅਤੇ ਸੀਸ ਉਹਨਾਂ ਦੇ ਸਿੱਖ ਜਾਨ ਉਤੇ ਖੇਡ ਕੇ ਚੁੱਕ ਲਿਆਏ। ਔਰੰਗਜ਼ੇਬ ਹੱਥ ਮਲਦਾ ਰਹਿ ਗਿਆ। ਆਪ ਦੀ ਸ਼ਹੀਦੀ ਦੀ ਹੀ ਕਰਾਮਾਤ ਸੀ ਕਿ ਆਪ ਦੀ ਵਿਚਾਰਧਾਰਾ ਨੇ ਤਲਵਾਰ ਦੀ ਧਾਰ ਵਿਚੋਂ ਖਾਲਸਾ ਪੰਥ ਸਾਜਿਆ, ਜਿਸ ਨੇ ਭਾਰਤ ਦੀ ਸਦੀਆਂ ਪੁਰਾਣੀ ਗੁਲਾਮੀ ਦੇ ਸ਼ੰਗਲ ਤੋੜ ਦਿੱਤੇ।



# *Dr Darshanjot Kaur*

**M.B.B.S., M.D.Consultant Gynaecologist**

## ਇਸ ਕਲਮ ਤੋਂ ਹੋਰ ਰਚਨਾਵਾਂ

ਕਿਤਾਬਚੇ–

ਚਿਟੇ ਵਾਲ, ਸੰਤੁਲਿਤ ਖੁਰਾਕ, ਮੁਟਾਪਾ, ਸ਼ੱਕਰ ਰੋਗ, ਏਡਜ਼, ਸਿੱਖ ਧਰਮ ਅਤੇ ਨਸ਼ਾ ਬੰਦੀ, ਅਨਜੰਮੀ ਧੀ ਦੀ ਪੁਕਾਰ, ਮਾਤਾ ਤ੍ਰਿਪਤਾ ਜੀ, ਮਾਤਾ ਗੁਜਰੀ ਜੀ, ਕਾਰਜਕਾਰੀ ਇਸਤ੍ਰੀ ਦਾ ਪ੍ਰਚਾਰ ਵਿਚ ਯੋਗਦਾਨ,ਕੇਸ।

ਕਿਤਾਬਾਂ–

ਨਰੋਆ ਬੱਚਾ (ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਭਾਸ਼ਾ ਵਿਕਾਸ ਵਿਭਾਗ ਦੁਆਰਾ ਪ੍ਰਕਾਸ਼ਿਤ),

ਨਰੋਈ ਨਾਰੀ(ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਭਾਸ਼ਾ ਵਿਕਾਸ ਵਿਭਾਗ ਦੁਆਰਾ ਪ੍ਰਕਾਸ਼ਿਤ),

ਨਸ਼ਾਬੰਦੀ

ਸੁਣ ਸਖੀਏ ਸਹੇਲੜੀਏ

ਅਣਛਪੀ ਰਚਨਾ

ਨਰੋਏ ਕੇਸ (ਕਿਤਾਬ)

ਸਿਖੀ ਸਿਦਕ ਨਾ ਜਾਏ

ਮਾਤਾ ਗੁਜਰੀ ਕਹਿੰਦੇ ਮੈਨੂੰ

ਵੱਖ ਵੱਖ ਮੈਗਜੀਨਾਂ ਵਿੱਚ ਛਪੇ ਆਰਟੀਕਲ

ਗੁਰਮਤਿ ਅਤੇ ਕਰਮ ਕਾਂਡ, ਬੰਦਾ ਸਿੰਘ ਬਹਾਦਰ ਦਾ ਲਾਸਾਨੀ ਵਿਅਕਤੀਤਵ, ਸਿੱਖ ਸੰਸਕਾਰ, Role of Gursikh Doctors, ਆਦਿਕ

# ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੇ ਉਦੇਸ਼ ਤੇ ਲਕਸ਼ ਦੀ ਪ੍ਰਾਪਤੀ ਲਈ ਆਰੰਭੇ ਗਏ ਪ੍ਰਾਜੈਕਟ

1. **ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ :-**
   **ਗੁਰਮਤਿ ਪ੍ਰਚਾਰਕ ਕੋਰਸ** :- 10+2 ਪਾਸ ਬਚਿਆਂ ਨੂੰ ਸਵਾ ਤਿੰਨ ਸਾਲ ਦੇ ਗੁਰਮਤਿ ਕੋਰਸ ਰਾਹੀਂ ਉਚ ਪੱਧਰ ਦੇ ਪ੍ਰਚਾਰਕ / ਮਿਸ਼ਨਰੀ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ।
   **ਐਜੂਕੇਸ਼ਨ ਡਿਵੈਲਪਮੈਂਟ ਕੋਰਸ** :- ਉਪਰੋਕਤ ਕੋਰਸ ਦੇ ਵਿਦਿਆਰਥੀਆਂ ਨੂੰ ਪੰਜਾਬੀ ਯੂਨੀਵਰਿਸਿਟੀ ਪਟਿਆਲਾ ਤੋਂ B.A. ਦੀ ਪੜਾਈ ਵੀ ਕਰਵਾਈ ਜਾ ਰਹੀ ਹੈ । ਇਹ ਸੇਵਾਵਾਂ ਸੰਗਤਾਂ ਦੇ ਸਹਿਯੋਗ ਨਾਲ ਬਿਲਕੁਲ ਮੁਫਤ ਨਿਭਾਈਆਂ ਜਾ ਰਹੀਆਂ ਹਨ ।
2. **ਗੁਰਮਤਿ ਸਮਾਗਮ :-** ਹਰ ਸਾਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਤੋਂ ਗੁਰਗੱਦੀ ਨਸ਼ੀਨੀ ਪੁਰਬ ਤੱਕ ਅਤੇ ਖਾਲਸੇ ਦੇ ਜਨਮ ਦਿਵਸ ਵਿਸਾਖੀ ਤੇ ਗੁਰਮਤਿ ਸਮਾਗਮਾਂ ਦੀਆਂ ਲੜੀਆਂ ਦਾ ਆਯੋਜਨ ਕੀਤਾ ਜਾਂਦਾ ਹੈ। ਸਮਾਗਮ ਨੁਕਤਾਬੱਧ ਤਰੀਕੇ ਨਾਲ, ਇੱਕ ਦਿਨ ਕੇਵਲ ਇੱਕ ਹੀ ਵਿਸ਼ੇ ਤੇ ਕੀਰਤਨ ਅਤੇ ਗੁਰਮਤਿ ਵਿਚਾਰਾਂ ਹੁੰਦੀਆਂ ਹਨ।
3. **ਨੁਕਤਾ ਬੱਧ ਲਿਟਰੇਚਰ ਦੀ ਛਪਾਈ :-** ਨੁਕਤਾਬੱਧ ਤਰੀਕੇ ਨਾਲ ਲਿਟਰੇਚਰ ਛਾਪ ਕੇ ਭੇਟਾ ਰਹਿਤ ਸੰਗਤਾਂ ਵਿਚ ਵੰਡੇ ਜਾਂਦੇ ਹਨ। ਹੁਣ ਤੱਕ 50 ਵਿਸ਼ਿਆਂ ਦੇ ਟ੍ਰੈਕਟ ਛਪ ਚੁੱਕੇ ਹਨ।
4. **ਪਾਠ ਬੋਧ ਸਮਾਗਮ :-**ਗੁਰਬਾਣੀ ਨੂੰ ਸ਼ੁੱਧ ਪੜ੍ਹਨ ਅਤੇ ਸਮਝਣ ਲਈ ਸਮੇਂ-ਸਮੇਂ ਤੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਸਹਿਯੋਗ ਨਾਲ ਪਾਠ ਬੋਧ ਸਮਾਗਮ ਆਯੋਜਿਤ ਕੀਤੇ ਜਾ ਰਹੇ ਹਨ । ਸੰਗਤਾ ਬਹੁਤ ਉਤਸ਼ਾਹ ਦਿਖਾ ਰਹੀਆਂ ਹਨ ।
5. **ਗੁਰਮਤਿ ਪ੍ਰਸਾਰ ਭਵਨ :-**ਇਸ ਭਵਨ ਵਿਚ ਸੋਸਾਇਟੀ ਦੇ ਕਾਰਜਕਾਰੀ ਦਫਤਰ ਤੋਂ ਛੁੱਟ ਗੁਰਦੁਆਰਾ ਸਾਹਿਬ, ਟ੍ਰੇਨਿੰਗ ਇਨਸਟੀਚਿਊਟ, ਮੈਡੀਕਲ ਸੈਂਟਰ, ਲਾਇਬ੍ਰੇਰੀ ਆਦਿ ਹਨ। ਸਮੇਂ-ਸਮੇਂ ਤੇ ਇਸ ਭਵਨ ਦਾ ਵਿਸਥਾਰ ਕੀਤਾ ਜਾ ਰਿਹਾ ਹੈ ।
6. **ਮੈਡੀਕਲ ਸੇਵਾ ਸੈਂਟਰ** :-ਇਕ ਉੱਚ ਪੱਧਰੀ ਮੈਡੀਕਲ ਸੇਵਾ ਸੈਂਟਰ ਚਲ ਰਿਹਾ ਹੈ ਜਿਸ ਵਿਚ ਜਨਰਲ OPD ਦੇ ਨਾਲ ਅੱਖਾਂ ਦੇ ਇਲਾਜ, ਦਿਲ ਦਿਮਾਗ ਦੀਆਂ ਬੀਮਾਰੀਆਂ, ਨੱਕ, ਕੰਨ, ਗਲੇ ਦੀ ਬੀਮਾਰੀਆਂ ਦੇ ਇਲਾਜ, ਦੰਦਾ ਅਤੇ ਜਨਾਨਾਂ ਬੀਮਾਰੀਆਂ ਦੇ ਇਲਾਜ ਦਾ ਪ੍ਰਬੰਧ ਹੈ। ਇਸ ਤੋਂ ਇਲਾਵਾ ਹੋਮਿਓਪੈਥਿਕ ਯੂਨਿਟ ਵੀ ਚਲ ਰਹੀ ਹੈ। ਸੇਵਾਵਾਂ ਮੁਫਤ ਦਿੱਤੀਆਂ ਜਾ ਰਹੀਆਂ ਹਨ ਅਤੇ ਦਵਾਈਆਂ ਬਹੁਤ ਘੱਟ ਕੀਮਤ ਤੇ ਦਿੱਤੀਆਂ ਜਾਦੀਆਂ ਹਨ ।ਸਮੇਂ ਸਮੇਂ ਤੇ ਮੈਡੀਕਲ ਕੈਂਪ ਵੀ ਲਗਾਏ ਜਾਦੇਂ ਹਨ ।
   ਕਲਿਨੀਕਲ ਲੈਬ:- ਲੈਬ ਟੈਸਟ ਰਿਆਇਤੀ ਦਰਾਂ ਤੇ ਕੰਪਿਊਟਰ/ਸਪੈਸ਼ਲ ਮਸ਼ੀਨਾਂ ਤੇ ਕੀਤੇ ਜਾਂਦੇ ਹਨ ।ਸਾਰੀਆਂ ਰਿਪੋਰਟਾਂ ਕੰਪਿਊਟਰ ਤੇ ਤਿਆਰ ਕੀਤੀਆਂ ਜਾਂਦੀਆਂ ਹਨ ।
7. **ਲਾਇਬ੍ਰੇਰੀ ਦੀ ਸਥਾਪਨਾ :-** ਇੱਕ ਉੱਚ ਪੱਧਰੀ ਲਾਇਬ੍ਰੇਰੀ ਦੀ ਸਥਾਪਨਾ ਕੀਤੀ ਗਈ ਹੈ।
8. **ਗੁਰਦੁਆਰਾ ਸਾਹਿਬ :-** ਸਮੇਂ-ਸਮੇਂ ਤੇ ਵਿਸ਼ੇਸ਼ ਪ੍ਰੋਗ੍ਰਾਮ ਆਯੋਜਿਤ ਕੀਤੇ ਜਾਦੇਂ ਹਨ ਜਿਨ੍ਹਾਂ ਵਿੱਚ ਪਾਠ ਬੋਧ ਸਮਾਗਮ ਵਿਸ਼ੇਸ਼ ਹੈ। ਉਪਰੋਕਤ ਸੇਵਾਵਾਂ ਦਾ ਸੰਗਤਾ ਭਰਵਾਂ ਲਾਭ ਉਠਾ ਰਹੀਆਂ ਹਨ । ਗਰਮੀਆਂ ਦੀਆਂ ਛੁੱਟੀਆਂ ਦੌਰਾਨ ਬੱਚਿਆਂ ਨੂੰ ਗੁਰਮਤਿ ਸਿਖਲਾਈ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਂਦਾ ਹੈ ।
9. **ਸਮਾਜਕ ਭਲਾਈ ਪ੍ਰੋਗ੍ਰਾਮ :-** ਗਰੀਬ/ਲੋੜਵੰਦ ਬੱਚਿਆਂ ਦੀ ਸਕੂਲ ਦੀ ਫੀਸ ਅਤੇ ਕਿਤਾਬਾਂ ਦੀ ਸੇਵਾ ਕੀਤੀ ਜਾਂਦੀ ਹੈ ।

**ਬੇਨਤੀ**

**ਆਪਣੇ ਦਸਵੰਧ ਵਿਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ । ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ । ਸੋਸਾਇਟੀ ਦਾ SB A/C No. 07111000004108, IFC Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ- 36, ਚੰਡੀਗੜ੍ਹ ਵਿਖੇ ਹੈ ਜੀ । ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ ।**